ਅਨੁਭਵ ਪ੍ਰਕਾਸ਼



ਰਘਬੀਰ ਸਿੰਘ 'ਬੀਰ'

88

ਆਤਮ ਸਾਇੰਸ ਟ੍ਰਸਟ

A/1, ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ਸਭ ਹੱਕ ਆਤਮ ਸਾਇੰਸ ਟ੍ਰਸਟ ਦੇ ਰਾਖਵੇਂ ਹਨ

ਪਹਿਲੀ ਵਾਰ : 1952
ਦੂਜੀ ਵਾਰ : 1958
ਤੀਜੀ ਵਾਰ : 1966
ਚੌਥੀ ਵਾਰ : 1979
ਪੰਜਵੀਂ ਵਾਰ : 1979
ਛੇਵੀਂ ਵਾਰ : 2002

Rs. 30 -

ਪ੍ਰਕਾਸ਼ਕ :
ਆਤਮ ਸਾਇੰਸ ਟਰੱਸਟ
ਨਵੀਂ ਦਿੱਲੀ

ਪ੍ਰਿੰਟਰ :
ਨੈਸ਼ਨਲ ਬੁਕ ਸ਼ਾਪ
32-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006
ਫੋਨ : 327 8392

ਮੁਖ ਬੰਦ

ਛੋਟੀ ਉਮਰ ਵਿਚ ਕਦੀ ਕਦੀ ਮੈਂ ਆਪਣੀ ਵੱਡੀ ਭੈਣ ਜੀ ਦੇ ਘਰ ਜਾ ਕੇ ਰਿਹਾ ਕਰਦਾ ਸੀ। ਭੈਣ ਜੀ ਦੇ ਸਹੁਰੇ ਘਰ ਦੇ ਲੰਬੇ ਤੇ ਚੌੜੇ ਕੋਠੇ ਅਤੇ ਵਿਹੜਾ ਮੈਨੂੰ ਦੌੜਨ ਕੁਦਣ ਲਈ ਬੜੇ ਪਸੰਦ ਸਨ। ਇਸ ਘਰ ਵਿਚ ਇਕ ਬੁੱਢਾ ਨੌਕਰ ਹੁੰਦਾ ਸੀ ਜੋ ਬਹੁਤ ਘਟ ਬੋਲਦਾ ਅਤੇ ਵਿਤ ਨਾਲੋਂ ਵਧੇਰੇ ਕੰਮ ਕਰਦਾ ਸੀ। ਇਸ ਦੇ ਚਿਹਰੇ ਤੇ ਲਾਲੀਆਂ ਭਖਿਆ ਕਰਦੀਆਂ ਸਨ। ਇਸ ਨੌਕਰ ਨੂੰ ਆਪਣੇ ਰਹਿਣ ਵਾਸਤੇ ਇਕ ਵਖਰਾ ਕਮਰਾ ਮਿਲਿਆ ਹੋਇਆ ਸੀ। ਕੰਮਕਾਜ ਤੋਂ ਵਿਹਲਾ ਹੋ ਕੇ ਇਹ ਆਪਣਾ ਸਾਰਾ ਸਮਾਂ ਉਸ ਕਮਰੇ ਵਿਚ ਗੁਜ਼ਾਰਦਾ ਹੁੰਦਾ ਸੀ। ਰਾਤ ਨੂੰ ਆਪਣਾ ਕੰਮ ਖਤਮ ਕਰ ਕੇ ਇਹ ਨੌਕਰ ਆਪਣੇ ਕਮਰੇ ਵਿਚ ਕਿਤਨਾ-ਕਿਤਨਾ ਚਿਰ ਦੀਵਾ ਜਗਾ ਕੇ ਕੁਝ ਪੜ੍ਹਦਾ ਰਹਿੰਦਾ ਸੀ। ਮੈਂ ਝੀਥਾਂ ਵਿਚੋਂ ਇਸ ਨੂੰ ਦੇਖਿਆ ਕਰਦਾ ਸਾਂ ਅਤੇ ਹੈਰਾਨ ਹੁੰਦਾ ਸਾਂ ਕਿ ਇਹ ਖਾਮੋਸ਼ ਬੰਦਾ ਰਾਤੀਂ ਦੀਵਾ ਬਾਲ ਕੇ ਘੰਟਿਆਂ ਭਰ ਕੀ ਪੜ੍ਹਦਾ ਰਹਿੰਦਾ ਹੈ। ਉਸ ਦੇ ਕਮਰੇ ਵਿਚ ਕਈ ਇਕ ਜੜੀਆਂ-ਬੂਟੀਆਂ ਵੀ ਪਈਆਂ ਹੁੰਦੀਆਂ ਸਨ।

ਭੈਣ ਜੀ ਦੀ ਸੱਸ ਜੀ, ਜੋ ਮੈਨੂੰ ਬੜਾ ਪਿਆਰ ਕਰਦੇ ਸੀ, ਤੋਂ ਪੁਛਣ ਤੇ ਮੈਨੂੰ ਪਤਾ ਲਗਾ ਕਿ ਇਹ ਨੌਕਰ ਅਸਲ ਵਿਚ ਇਕ ਸਾਧੂ ਸੀ ਅਤੇ ਸਾਧੂਆਂ ਵਿਚ ਹੀ ਇਸ ਨੇ ਉਮਰ ਦਾ ਬਹੁਤਾ ਹਿੱਸਾ ਗੁਜ਼ਾਰਿਆ ਸੀ। ਇਸ ਨੂੰ ਅਖੀਰ ਇਹ ਖਿਆਲ ਆਇਆ ਕਿ ਮੰਗ ਕੇ ਖਾਣ ਨਾਲੋਂ ਕੰਮ ਕਰਕੇ ਸਰੀਰ ਦੀ ਪਾਲਣਾ ਕਰਨੀ ਚੰਗੀ ਹੈ। ਇਸ ਕਰਕੇ ਇਹ ਸਾਰਾ ਦਿਨ ਘਰ ਦਾ ਕੰਮ ਕਰਦਾ ਹੈ ਅਤੇ ਰਾਤ ਨੂੰ ਧਾਰਮਿਕ ਪੁਸਤਕਾਂ ਪੜ੍ਹਦਾ ਅਤੇ ਭਜਨ ਕਰਦਾ ਹੈ। ਭਾਵੇਂ ਮੈਂ ਛੋਟਾ ਜਿਹਾ ਹੀ ਸੀ, ਪਰ ਉਸ ਦਿਨ ਤੋਂ ਉਹ ਬਿਰਧ ਮੈਨੂੰ ਬੜਾ ਚੰਗਾ ਲਗਣ ਲਗ ਪਿਆ।

ਕੁਝ ਚਿਰ ਮਗਰੋਂ ਉਹ ਸਾਧੂ ਬਾਬਾ ਬਗੈਰ ਬੀਮਾਰ ਹੋਣ ਦੇ ਇਕ ਦਿਨ ਸਰੀਰ ਤਿਆਗ ਗਿਆ। ਰਾਤ ਨੂੰ ਘਰ ਦਾ ਕੰਮ ਕਾਜ ਕਰਕੇ ਆਪਣੇ ਕਮਰੇ ਵਿਚ ਗਿਆ ਅਤੇ ਸਵੇਰੇ ਉਸ ਦਾ ਮ੍ਰਿਤ ਸਰੀਰ ਪਿਆ

ਹੋਇਆ ਸੀ। ਚਿਹਰੇ ਉਤੇ ਉਸ ਹਾਲਤ ਵਿਚ ਵੀ ਖੇੜਾ ਅਤੇ ਮੁਸਕ੍ਰਾਹਟ ਸੀ।

ਮ੍ਰਿਤੂ ਦੇ ਕੁਝ ਦਿਨ ਪਿਛੋਂ ਸਾਧੂ ਦੇ ਕਮਰੇ ਨੂੰ ਜਦ ਖਾਲੀ ਕੀਤਾ ਜਾ ਰਿਹਾ ਸੀ, ਤਦ ਮੈਂ ਸਬੱਬ ਨਾਲ ਉਸ ਦਿਨ ਭੈਣ ਜੀ ਦੇ ਘਰ ਆਇਆ ਹੋਇਆ ਸਾਂ। ਉਸ ਕਮਰੇ ਵਿਚੋਂ ਹੱਥ ਦੀ ਲਿਖੀ ਹੋਈ, ਮੈਂ ਉਹ ਪੁਸਤਕ ਚੁਕ ਲਈ ਜਿਸ ਨੂੰ ਕਿ ਸਾਧੂ ਬਾਬਾ ਸਦਾ ਪੜ੍ਹਦਾ ਹੁੰਦਾ ਸੀ।

ਤੀਹ-ਪੈਂਤੀ ਸਾਲ ਇਹ ਪੁਸਤਕ ਸਾਧੂ-ਬਾਬੇ ਦੀ ਨਿਸ਼ਾਨੀ ਸਮਝ ਕੇ ਮੈਂ ਸਾਂਭ ਰਖੀ, ਪਰ ਪੜ੍ਹੀ ਨਾ। ਇਕ ਦਿਨ ਪੁਰਾਣੀਆਂ ਪੁਸਤਕਾਂ ਨੂੰ ਦੇਖਦਿਆਂ ਜਦ ਮੇਰਾ ਧਿਆਨ ਇਸ ਪੁਸਤਕ ਵਲ ਗਿਆ ਤਾਂ ਸਾਧੂ-ਬਾਬੇ ਦੀ ਸਾਖਸ਼ਾਤ ਮੂਰਤ ਮੇਰੀਆਂ ਅੱਖਾਂ ਸਾਹਮਣੇ ਆ ਗਈ ਅਤੇ ਉਹ ਇਸ ਤਰ੍ਹਾਂ ਆਖਦਾ ਪ੍ਰਤੀਤ ਹੋਇਆ—"ਮੇਰੀ ਨਿਸ਼ਾਨੀ ਸਾਂਭ ਕੇ ਰਖਣ ਦਾ ਕੀ ਲਾਭ ? ਇਸ ਨੂੰ ਧਿਆਨ ਨਾਲ ਪੜ੍ਹ ਕੇ ਦੇਖ, ਕਿ ਇਸ ਵਿਚ ਗਿਆਨ ਦੇ ਕੈਸੇ ਕੈਸੇ ਰਤਨ ਭਰੇ ਪਏ ਹਨ ?"

ਇਸ ਪੁਸਤਕ ਨੂੰ ਤਦ ਮੈਂ ਹੌਲੀ-ਹੌਲੀ ਅਤੇ ਸਮਝ-ਸਮਝ ਕੇ ਪੜ੍ਹਿਆ ਤਾਂ ਇਸ ਵਿਚ ਲੁਕੇ ਆਤਮਕ ਖਜ਼ਾਨੇ ਨੂੰ ਦੇਖ ਕੇ ਚਕ੍ਰਿਤ ਹੋ ਗਿਆ। ਉਪਰੰਤ ਇਸ ਦਾ ਪੰਜਾਬੀ ਵਿਚ ਉਲਥਾ ਕਰਕੇ ਮਾਹਵਾਰੀ ਰਸਾਲੇ "ਆਤਮ-ਸਾਇੰਸ" ਵਿਚ ਛਪਵਾਂਦਾ ਰਿਹਾ ਅਤੇ ਹੁਣ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਾ ਰਿਹਾ ਹਾਂ। ਆਸ ਹੈ ਕਿ ਸਾਧੂ ਬਾਬੇ ਦੀ ਆਤਮਾ ਮੈਨੂੰ ਇਸ ਸ਼ੁਭ ਕਾਰਜ ਨੂੰ ਇਤਨੀ ਦੇਰ ਤਕ ਅਣਗਹਿਲੀ ਕਰਨ ਵਾਸਤੇ ਖਿਮਾਂ ਬਖਸ਼ੇਗੀ।

ਇਸ ਪੁਸਤਕ 'ਚ "ਜੀਵ" ਤੋਂ ਭਾਵ "ਆਤਮਾ" ਦਾ ਲੈਣਾ ਚਾਹੀਏ।

੧-੬-੧੯੫੨ —ਰਘਬੀਰ ਸਿੰਘ 'ਬੀਰ'

ਜੀਉ ਏਕੁ
ਅਰੁ
ਸਗਲ ਸਰੀਰਾ

(ਗੁਰੂ ਗ੍ਰੰਥ ਸਾਹਿਬ)

ੴ ਸਤਿਗੁਰ ਪ੍ਰਸਾਦਿ।।

ਅਨਭਵ ਪ੍ਰਕਾਸ਼

ਪ੍ਰਸ਼ਨ— ਮੈਂ ਕੌਣ ਹਾਂ ?

ਉੱਤਰ —ਤੂੰ ਜੀਵ ਹੈਂ।

ਪ੍ਰਸ਼ਨ— ਜੀਵ ਇਕ ਹੈ ਕਿ ਅਨੇਕ ਹਨ ?

ਉੱਤਰ— ਜੀਵ ਇਕ ਹੈ।

ਪ੍ਰਸ਼ਨ— ਜੀਵ ਤਾਂ ਅਨੇਕ ਹਨ ?

ਉੱਤਰ—ਜਿਸ ਤਰ੍ਹਾਂ ਅਨੇਕ ਮਿਟੀ ਦੇ ਘੱੜਿਆਂ ਵਿਚ ਇਕੋ ਹਵਾ ਅਤੇ ਇਕੋ ਹੀ ਰੋਸ਼ਨੀ ਜਾਂ ਪ੍ਰਕਾਸ਼ ਹੈ ਅਤੇ ਜਿਵੇਂ ਮੀਂਹ ਵੱਸਣ ਵੇਲੇ ਅਨੇਕ ਬੂੰਦਾਂ ਦਿਸਦੀਆਂ ਹਨ ਪਰ ਉਹਨਾਂ ਸਭਨਾਂ ਵਿਚ ਇਕ ਹੀ ਪਾਣੀ ਹੁੰਦਾ ਹੈ, ਇਸੇ ਤਰ੍ਹਾਂ ਅਨੇਕ ਦੇਹਾਂ ਜਾਂ ਸਰੀਰਾਂ ਵਿਚ ਜੀਵ ਇਕੋ ਹੀ ਹੈ।

ਪ੍ਰਸ਼ਨ—ਜੇ ਸਾਰੇ ਸਰੀਰਾਂ ਵਿਚ ਜੀਵ ਇਕ ਹੀ ਹੈ ਤਾਂ ਸਰੀਰ ਦੇ ਪੈਦਾ ਹੋਣ ਨਾਲ ਸਾਰੇ ਸਰੀਰਾਂ ਵਿਚ ਜੀਵ ਪੈਦਾ ਹੋ ਜਾਏ ਅਤੇ ਇਕ ਸਰੀਰ ਦੇ ਮਰਨ ਨਾਲ ਸਾਰੇ ਸਰੀਰ ਮਰ ਜਾਣ ?

ਉੱਤਰ—ਜਿਸ ਤਰ੍ਹਾਂ ਇਕ ਮਕਾਨ ਦੇ ਬਨਾਉਣ ਨਾਲ ਆਕਾਸ਼ ਬਣਦਾ ਨਹੀਂ, ਤੇ ਇਕ ਘਰ ਢਾਹੁਣ ਨਾਲ ਆਸਮਾਨ ਜਾਂ ਆਕਾਸ਼ ਢਹਿੰਦਾ ਨਹੀਂ, ਇਸੇ ਤਰ੍ਹਾਂ ਇਕ ਸਰੀਰ ਦੇ ਮਰਨ ਨਾਲ ਜੀਵ ਮਰਦਾ ਨਹੀਂ ਅਤੇ ਇਕ ਸਰੀਰ ਦੇ ਜੰਮਣ ਨਾਲ ਜੀਵ ਜੰਮਦਾ ਨਹੀਂ।

ਪ੍ਰਸ਼ਨ—ਜੇ ਜੀਵ ਇਕ ਹੈ ਤਾਂ ਇਕ ਨੂੰ ਗਿਆਨ ਹੋਣ ਨਾਲ ਸਾਰੇ ਜੀਵਾਂ ਨੂੰ ਗਿਆਨ ਹੋ ਜਾਣਾ ਚਾਹੀਦਾ ਹੈ ਅਤੇ ਇਕ ਦੇ ਅਗਿਆਨੀ ਹੋਣ ਕਰ ਕੇ ਸਭ ਜੀਵਾਂ ਨੂੰ ਅਗਿਆਨੀ ਹੋਣਾ ਚਾਹੀਦਾ ਹੈ ?

ਉੱਤਰ—ਜਿਸ ਤਰ੍ਹਾਂ ਜਿਸ ਘਰ ਵਿਚ ਦੀਵਾ ਬਾਲੀਏ ਉਸ ਵਿਚ ਚਾਨਣ ਹੋ ਜਾਂਦਾ ਹੈ ਅਤੇ ਜਿਸ ਘਰ ਵਿਚ ਦੀਵਾ ਨਾ ਬਾਲੀਏ ਉਸ

ਵਿਚ ਹਨੇਰਾ ਰਹਿੰਦਾ ਹੈ, ਐਪਰ ਆਕਾਸ਼ ਸਭਨਾਂ ਘਰਾਂ ਵਿਚ ਇਕੋ ਹੀ ਹੈ, ਇਸੇ ਤਰ੍ਹਾਂ ਜਿਸ ਜੀਵ ਦੇ ਮਨ ਵਿਚ ਵਿਚਾਰ ਰੂਪੀ ਦੀਵਾ ਬਲੇ ਉਸ ਵਿਚ ਗਿਆਨ ਰੂਪੀ ਚਾਨਣ ਹੋ ਜਾਂਦਾ ਹੈ ਅਤੇ ਜਿਸ ਜੀਵ ਦੇ ਮਨ ਵਿਚ ਵਿਚਾਰ ਦਾ ਦੀਵਾ ਨਾ ਬਲੇ ਉਸ ਵਿਚ ਅਗਿਆਨ ਦਾ ਹਨੇਰਾ ਹੀ ਰਹਿੰਦਾ ਹੈ। ਆਕਾਸ਼ ਦੀ ਤਰ੍ਹਾਂ ਜੀਵ ਸਭ ਸਰੀਰਾਂ ਵਿਚ ਇਕੋ ਹੀ ਹੈ।

ਪ੍ਰਸ਼ਨ—ਜੇ ਸਭ ਸਰੀਰਾਂ ਵਿਚ ਇਕੋ ਹੀ ਜੀਵ ਹੈ ਤਾਂ ਇਕ ਸਰੀਰ ਵਿਚ ਖੁਰਾਕ ਪਾਇਆਂ ਸਾਰੇ ਸਰੀਰਾਂ ਨੂੰ ਰੱਜ ਜਾਣਾ ਚਾਹੀਦਾ ਹੈ ? ਇਸੇ ਤਰ੍ਹਾਂ ਇਕ ਦੇ ਭੁਖੇ ਹੋਣ ਨਾਲ ਸਭਨਾਂ ਨੂੰ ਭੁਖ ਲਗਣੀ ਚਾਹੀਦੀ ਹੈ ?

ਉੱਤਰ—ਜਿਸ ਤਰ੍ਹਾਂ ਇਕ ਭਾਂਡੇ ਵਿਚ ਚੀਜ਼ ਪਾਈਏ ਤਾਂ ਉਹੋ ਭਾਂਡਾ ਭਰਦਾ ਹੈ ਅਤੇ ਜਿਸ ਭਾਂਡੇ ਵਿਚ ਚੀਜ਼ ਨਾ ਪਾਈਏ ਉਹ ਸੱਖਣਾ ਰਹਿੰਦਾ ਹੈ, ਐਪਰ ਆਕਾਸ਼ ਜਾਂ ਹਵਾ ਸਭ ਭਾਂਡਿਆਂ ਵਿਚ ਇਕੋ ਹੀ ਹੈ, ਇਸੇ ਤਰ੍ਹਾਂ ਜੀਵ ਸਭ ਸਰੀਰਾਂ ਵਿਚ ਇਕੋ ਹੈ, ਅਤੇ ਜਿਸ ਸਰੀਰ ਵਿਚ ਖੁਰਾਕ ਨਾ ਪਾਈਏ ਉਹ ਭੁਖਾ ਹੀ ਰਹਿੰਦਾ ਹੈ।

ਪ੍ਰਸ਼ਨ—ਇਕ ਕਹਿੰਦਾ ਹੈ ਕਿ ਮੈਂ ਸੁਖੀ ਹਾਂ ਅਤੇ ਇਕ ਕਹਿੰਦਾ ਹੈ ਕਿ ਮੈਂ ਦੁਖੀ ਹਾਂ, ਫਿਰ ਸਭ ਵਿਚ ਜੀਵ ਇਕੋ ਕਿਸ ਤਰ੍ਹਾਂ ਹੋਇਆ ?

ਉੱਤਰ—ਜਿਸ ਤਰ੍ਹਾਂ ਇਕ ਅੱਖ ਵਿਚ ਤੀਲਾ ਜਾਂ ਰੋੜ ਪੈ ਜਾਵੇ ਤਾਂ ਉਸ ਨੂੰ ਹੀ ਪੀੜ ਹੁੰਦੀ ਹੈ ਅਤੇ ਦੂਸਰੀ ਅੱਖ ਚੰਗੀ ਭਲੀ ਰਹਿੰਦੀ ਹੈ। ਆਦਮੀ ਆਖਦਾ ਹੈ ਕਿ ਮੇਰੀ ਇਕ ਅੱਖ ਵਿਚ ਪੀੜ ਹੈ ਐਪਰ ਦੂਸਰੀ ਅੱਖ ਵਿਚ ਪੀੜ ਨਹੀਂ। ਐਪਰ ਦੇਖਣ ਵਾਲਾ ਜਾਂ ਅੱਖਾਂ ਵਾਲਾ ਇਕੋ ਹੀ ਹੈ। ਇਸੇ ਤਰ੍ਹਾਂ ਜੀਵ ਸਭ ਸਰੀਰਾਂ ਵਿਚ ਇਕੋ ਹੀ ਹੈ ਅਤੇ ਜਿਸ ਵਿਚ ਦੁਖ ਹੈ, ਉਥੇ ਆਖਦਾ ਹੈ ਮੈਨੂੰ ਦੁਖ ਹੈ ਅਤੇ ਜਿਥੇ ਸੁਖ ਹੈ ਉਥੇ ਆਖਦਾ ਹੈ ਮੈਨੂੰ ਸੁਖ ਹੈ।

ਪ੍ਰਸ਼ਨ—ਜੇਕਰ ਜੀਵ ਸਭ ਸਰੀਰਾਂ ਵਿਚ ਇਕੋ ਹੈ ਤਾਂ ਸਭ ਦੇ ਦਿਲਾਂ ਦਾ ਹਾਲ ਕਿਉਂ ਨਹੀਂ ਜਾਣਦਾ ?

ਉੱਤਰ—ਪਹਿਲੀ ਗੱਲ ਕਿ ਜੀਵ ਤੋਂ ਸਿਵਾ ਤਾਂ ਹੋਰ ਹੋਇਆ ਕੋਈ ਨਾ, ਤਾਂ ਫਿਰ ਕੌਣ ਕਿਸ ਦੇ ਦਿਲ ਦੀ ਜਾਣੇ ? ਦੂਸਰੀ ਗੱਲ ਕਿ ਸਾਰਿਆਂ ਦਿਲਾਂ ਵਿਚ ਇਕ ਜੀਵ ਹੈ ਅਤੇ ਸਭ ਦਾ ਹਾਲ ਜਾਣਦਾ ਤੇ ਕਹਿੰਦਾ

ਹੈ ਕਿ ਇਸ ਵਿਚ ਕੀ ਹੋ ਰਿਹਾ ਹੈ ? ਉਸ ਸਰੀਰ ਵਿਚ ਕੀ ਹੋ ਰਿਹਾ ਹੈ ? ਹਰ ਸਰੀਰ ਵਿਚੋਂ ਜੀਵ ਉਸ ਸਰੀਰ ਦੀ ਗੱਲ ਪਿਆ ਦਸਦਾ ਹੈ। ਵਖੋ-ਵਖ ਸਰੀਰ ਤਾਂ ਸੁੰਨ ਜਾਂ ਜੜ੍ਹ ਹਨ, ਇਸ ਕਰਕੇ ਉਹਨਾਂ ਨੂੰ ਇਕ ਦੂਸਰੇ ਦਾ ਪਤਾ ਹੋਣਾ ਅਸੰਭਵ ਹੈ। ਐਪਰ ਜੀਵ ਜੋ ਪੂਰਨ ਅਤੇ ਚੇਤੰਨ੍ਹ ਹੈ, ਉਹ ਸਾਰੇ ਦਿਲਾਂ ਵਿਚੋਂ ਉਹਨਾਂ ਦੇ ਗੁਣ ਪ੍ਰਕਾਸ਼ਦਾ ਜਾਂ ਜ਼ਾਹਿਰ ਕਰਦਾ ਰਹਿੰਦਾ ਹੈ।

ਪ੍ਰਸ਼ਨ—ਜੇਕਰ ਕਿਸੇ ਨੂੰ ਸੰਸਕ੍ਰਿਤ ਆਉਂਦੀ ਹੈ ਤਾਂ ਉਹ ਸੰਸਕ੍ਰਿਤ ਹੀ ਪੜ੍ਹ ਸਕਦਾ ਹੈ, ਜੇ ਕਿਸੇ ਨੂੰ ਅੰਗਰੇਜ਼ੀ ਜਾਂ ਫਾਰਸੀ ਆਉਂਦੀ ਹੈ ਤਾਂ ਉਹ ਅੰਗਰੇਜ਼ੀ ਜਾਂ ਫਾਰਸੀ ਹੀ ਪੜ੍ਹ ਲਿਖ ਸਕਦਾ ਹੈ ਅਤੇ ਜਿਸ ਨੂੰ ਜੋ ਜ਼ਬਾਨ ਨਹੀਂ ਆਉਂਦੀ ਉਹ, ਉਹ ਜ਼ਬਾਨ ਨਹੀਂ ਬੋਲ ਸਕਦਾ, ਨਾ ਲਿਖ ਸਕਦਾ ਹੈ। ਫਿਰ ਜਿਸ ਨੂੰ ਜਵਾਹਰਾਤ ਪਰਖਣੇ ਆਉਂਦੇ ਹਨ ਉਹੋ ਹੀ ਜਵਾਹਰਾਤ, ਮੋਤੀ, ਹੀਰੇ ਆਦਿ ਪਰਖ ਸਕਦਾ ਹੈ, ਹਰ ਇਕ ਜਵਾਹਰਾਤ ਨਹੀਂ ਪਰਖ ਸਕਦਾ, ਤਾਂ ਜੀਵ ਸਭ ਵਿਚ ਇਕੋ ਕਿਸ ਤਰ੍ਹਾਂ ਹੋਇਆ ?

ਉੱਤਰ—ਲੋਹੇ ਦੇ ਔਜ਼ਾਰ ਜਿਸ ਕੰਮ ਲਈ ਬਣਾਏ ਜਾਣ, ਉਹ ਉਹੋ ਕੰਮ ਹੀ ਕਰਦੇ ਹਨ, ਪਰ ਲੋਹਾ ਸਭਨਾ ਵਿਚ ਇਕ ਹੀ ਹੁੰਦਾ ਹੈ। ਹਲ, ਸਲਾਈ, ਤੱਕਲਾ, ਅਹਿਰਨ, ਹਥੌੜਾ, ਸੰਨ੍ਹੀਂ, ਛੁਰੀ, ਸਭ ਵਖੋ-ਵਖਰਾ ਕੰਮ ਕਰਦੇ ਹਨ ਪਰ ਹੈਨ। ਇਕੋ ਲੋਹੇ ਦੇ ਬਣੇ ਹੋਏ। ਇਸੇ ਤਰ੍ਹਾਂ ਜੀਵ ਸਭ ਵਖੋ-ਵਖਰੀਆਂ ਬੋਲੀਆਂ ਬੋਲਦੇ ਹੋਏ ਵੀ, ਅਸਲ ਵਿਚ ਇਕੋ ਜੀਵ ਹੀ ਹਨ। ਹਰ ਇਕ ਜੀਵ, ਜਿਸ ਨਿਸਚੇ ਵਿਚ ਪਰਪੱਕ ਹੋਇਆ ਹੈ, ਉਸੇ ਨਿਸਚੇ ਨੂੰ ਹੀ ਉਹ ਪ੍ਰਕਾਸ਼ ਕਰ ਰਿਹਾ ਹੈ। ਜਿਸ ਤਰ੍ਹਾਂ ਇਕੋ ਮਿੱਟੀ ਦੇ ਚਾਰ ਭਾਂਡੇ ਹੋਣ ਅਤੇ ਇਕ ਵਿਚ ਘਿਉ ਪਾਵੇ ਤਾਂ ਉਸ ਨੂੰ ਘਿਉ ਦਾ ਭਾਂਡਾ ਆਖੀਦਾ ਹੈ, ਜਿਸ ਵਿਚ ਦਹੀਂ ਪਾਵੇ ਉਸ ਨੂੰ ਦਹੀਂ ਦਾ ਭਾਂਡਾ ਆਖੀਦਾ ਹੈ, ਅਤੇ ਜਿਸ ਵਿਚ ਅਚਾਰ ਪਾਵੇ ਉਸ ਨੂੰ ਅਚਾਰ ਦਾ ਭਾਂਡਾ ਕਹੀਦਾ ਹੈ ਅਤੇ ਜਿਸ ਵਿੱਚ ਕੁਛ ਨਾ ਪਵੇ ਉਹ ਖਾਲੀ ਦਾ ਖਾਲੀ ਰਹਿੰਦਾ ਹੈ ਐਪਰ ਮਿੱਟੀ ਚਵ੍ਹਾਂ ਵਿਚ ਇਕੋ ਹੀ ਹੈ, ਇਸੇ ਤਰ੍ਹਾਂ ਜੀਵ ਵੀ ਜਿਸ-ਜਿਸ ਭਰਮ ਵਿਚ ਅਭਿੰਨ ਹੋਇਆ ਹੈ, ਜਾਂ ਜਿਸ-ਜਿਸ ਨਿਸਚੇ ਨੂੰ ਇਸ ਨੇ ਸੱਚਾ ਸਮਝਿਆ ਹੈ, ਉਸੇ ਨਿਸਚੇ ਨੂੰ ਪਿਆ ਜ਼ਾਹਿਰ ਕਰਦਾ ਜਾਂ ਪ੍ਰਕਾਸ਼ਦਾ ਹੈ। ਇਸੇ ਤਰ੍ਹਾਂ ਜਿਸ ਨਿਸਚੇ ਨੂੰ ਇਸ ਨੇ ਨਹੀਂ

ਕਬੂਲਿਆ ਜਾਂ ਜਿਸ ਭਰਮ ਵਿਚ ਇਹ ਅਭਿੰਨ ਨਹੀਂ ਹੋਇਆ, ਉਸ ਨਿਸਚੇ ਨੂੰ ਇਹ ਨਹੀਂ ਪ੍ਰਕਾਸ਼ਤ ਕਰਦਾ।

ਇਹ ਗੁਣ ਕਿਰਿਆ ਜੀਵ ਉਪਾਧੀ ਹੈ, ਜੀਵ ਦੇ ਅਸਲ ਸਰੂਪ ਵਿਚ ਨਹੀਂ।

ਇਸ ਦਾ ਹੋਰ ਦ੍ਰਿਸ਼ਟਾਂਤ ਇਸ ਪ੍ਰਕਾਰ ਹੈ :—

ਨੇਤਰ ਰੂਪ ਨੂੰ ਗ੍ਰਹਿੰਦੇ ਹਨ ਪਰ ਰਸ ਨੂੰ ਨਹੀਂ ਗ੍ਰਹਿੰਦੇ। ਜੀਭ ਰਸ ਨੂੰ ਗ੍ਰਹਿੰਦੀ ਹੈ ਪਰ ਰੂਪ ਨਹੀਂ ਗ੍ਰਹਿੰਦੀ। ਕੰਨ ਸ਼ਬਦ (ਆਵਾਜ਼) ਨੂੰ ਸੁਣਦੇ ਹਨ ਪਰ ਆਖ ਕੁਛ ਨਹੀਂ ਸਕਦੇ। ਜਿਹਬਾ ਬੋਲਦੀ ਹੈ ਪਰ ਸੁਣਦੀ ਨਹੀਂ। ਨਾਸਾਂ ਸੁਗੰਧ-ਦੁਰਗੰਧ ਨੂੰ ਪਛਾਣਦੀਆਂ ਹਨ ਪਰ ਕਿਸੇ ਨੂੰ ਛੋਹ ਨਹੀਂ ਸਕਦੀਆਂ। ਹੱਥ ਲੈਂਦੇ-ਦੇਂਦੇ ਹਨ ਪਰ ਹਥਾਂ ਨਾਲ ਚਲਿਆ-ਫਿਰਿਆ ਨਹੀਂ ਜਾ ਸਕਦਾ। ਪੈਰ ਚਲਦੇ-ਫਿਰਦੇ ਹਨ, ਲੈ ਦੇ ਨਹੀਂ ਸਕਦੇ। ਇਹ ਸਭ ਇੰਦ੍ਰੀਆਂ ਆਪੋ-ਆਪਣੇ ਗੁਣਾਂ ਨੂੰ ਗ੍ਰਹਿੰਦੀਆਂ ਹਨ ਪਰ ਇਕ-ਦੂਸਰੇ ਦੇ ਗੁਣਾਂ ਨੂੰ ਨਹੀਂ ਗ੍ਰਹਿੰਦੀਆਂ। ਪਰ ਯਾਦ ਰਖੋ ਕਿ ਜੀਵ ਸਭਨਾਂ ਦਾ ਇਕੋ ਹੀ ਹੈ ਅਤੇ ਸ਼ੁਧ ਤੇ ਨਿਰਗੁਣ ਹੈ। ਇਹ ਗੁਣ ਸਾਰੇ ਮਾਇਆ ਦੇ ਹਨ। ਮਾਇਆ ਜਿਸ ਇੰਦਰੇ ਵਿਚ ਜੈਸਾ ਗੁਣ ਪਾ ਦੇਂਦੀ ਹੈ ਉਹ ਵੈਸੇ ਹੀ ਕਰਮ ਕਰਦਾ ਹੈ।

ਇਹਨਾਂ ਗੁਣਾਂ ਦੀ ਉਤਪਤੀ ਐਸੇ ਹੁੰਦੀ ਹੈ। ਜਦ ਇਹ ਜੀਵ ਮਾਤਾ ਦੇ ਗਰਭ ਵਿਚ ਦੇਖਣ ਦੀ ਇਛਿਆ ਕਰਦਾ ਹੈ ਤਦ ਇਸ ਦੇ ਨੇਤਰ ਬਣ ਜਾਂਦੇ ਹਨ। ਜਦ ਇਸ ਵਿਚ ਖਾਣ ਤੇ ਬੋਲਣ ਦੀ ਇਛਿਆ ਹੁੰਦੀ ਹੈ ਤਦ ਇਸ ਦੀ ਜਿਹਬਾ ਬਣ ਜਾਂਦੀ ਹੈ, ਜਦ ਇਸ ਵਿਚ ਸੁਣਨ ਦੀ ਇਛਿਆ ਹੁੰਦੀ ਹੈ ਤਦ ਕੰਨ ਬਣ ਜਾਂਦੇ ਹਨ। ਜਦ ਇਸ ਦੀ ਸੁਗੰਧ ਦੀ ਇਛਿਆ ਹੁੰਦੀ ਹੈ ਤਦ ਇਸ ਦੀਆਂ ਨਾਸਾਂ ਬਣ ਜਾਂਦੀਆਂ ਹਨ। ਜਦ ਲੈਣ-ਦੇਣ ਦੀ ਇਛਿਆ ਹੁੰਦੀ ਹੈ ਤਦ ਹਥ ਬਣ ਜਾਂਦੇ ਹਨ। ਜਦ ਚਲਣ-ਫਿਰਨ ਦੀ ਇਛਿਆ ਹੁੰਦੀ ਹੈ ਤਦ ਚਰਨ ਬਣ ਜਾਂਦੇ ਹਨ।

ਇਸੇ ਦਾ ਇਕ ਹੋਰ ਪ੍ਰਮਾਣ ਸੁਣੋ :—

ਜਦ ਜੀਵ ਸਖੋਪਤ ਵਿਚ ਸੋਇਆ ਹੁੰਦਾ ਹੈ, ਜਦੋਂ ਇਸ ਵਿਚ ਇੱਛਾ ਪੈਦਾ ਹੁੰਦੀ ਹੈ ਤਦ ਆਪਣੀ ਇਛਿਆ ਕਰਕੇ ਆਪਣਾ ਸਰੀਰ ਪੈਦਾ ਕਰਦਾ ਹੈ। ਇਸ ਤੋਂ ਪਿਛੋਂ ਸਾਰੇ ਰਚੇ ਸੰਸਾਰ ਵਿਚ ਲੀਲਾ ਕਰਦਾ ਹੈ।

ਕਈ ਪਦਾਰਥਾਂ ਨੂੰ ਜਾਣਦਾ ਹੋਇਆ ਕਲਪਦਾ ਹੈ। ਕਈ ਪਦਾਰਥਾਂ ਨੂੰ ਨਾ ਜਾਣਦਾ ਕਲਪਦਾ ਹੈ। ਸੋ ਜਾਨਣਾ ਨਾ ਜਾਨਣਾ ਤ੍ਰਿਕੁਟੀ ਵਿਖੇ ਹੈ ਅਤੇ ਤ੍ਰਿਕੁਟੀ ਫੁਰਨੇ ਵਿਖੇ ਹੈ। ਜਦ ਫੁਰਨਾ ਅਫੁਰ ਵਿਖੇ ਲੀਨ ਹੋ ਜਾਂਦਾ ਹੈ ਜਦ ਤ੍ਰਿਕੁਟੀ ਦਾ ਅਭਾਉ ਹੋ ਜਾਂਦਾ ਹੈ ਜਾਂ ਤ੍ਰਿਕੁਟੀ ਵੀ ਲੀਨ ਹੋ ਜਾਂਦੀ ਹੈ। ਜਦ ਅਫੁਰ ਵਿਚੋਂ ਫੁਰਨਾ ਉਪਜਦਾ ਹੈ ਤਾਂ ਉਹ ਫੁਰਨਾ ਹੀ ਤ੍ਰਿਕੁਟੀ ਰੂਪ ਹੋ ਕੇ ਦਿਖਾਈ ਦੇਂਦਾ ਹੈ। ਇਸ ਦਾ ਦ੍ਰਿਸ਼ਟਾਂਤ ਇਸ ਪ੍ਰਕਾਰ ਹੈ :—

ਜੈਸੇ ਸਖੋਪਤ ਜੋ ਅਫੁਰ ਹੈ, ਜਿਸ ਵਿਚ ਕੁਝ ਨਹੀਂ ਦੇਖੀਦਾ। ਜੋ ਅਫੁਰ ਤੋਂ ਫੁਰਨਾ ਉਠਣਾ ਹੈ ਤਾਂ ਉਹ ਫੁਰਨਾ ਹੀ ਰਚ ਕੇ ਤ੍ਰਿਕੁਟੀ ਰੂਪੀ ਸੁਫਨਾ ਦੇਖੀਦਾ ਹੈ, ਤਦ ਕਿਸੇ ਪਦਾਰਥ ਨੂੰ ਜਾਣਦਾ ਕਲਪਦਾ ਹੈ ਅਤੇ ਕਿਸੇ ਪਦਾਰਥ ਨੂੰ ਨਾ ਜਾਣਦਾ ਕਲਪਦਾ ਹੈ। ਜੋ ਜਿਸ ਨੂੰ ਜਾਣਦਾ ਹੈ ਉਹ ਕੀ ਚੀਜ਼ ਹੈ ਅਤੇ ਜਿਸ ਨੂੰ ਨਹੀਂ ਜਾਣਦਾ ਉਹ ਕੀ ਚੀਜ਼ ਹੈ ? ਉਹ ਤਾਂ ਤੇਰੀ ਹੀ ਕਲਪਨਾ ਹੈ। ਹੋਰ ਤਾਂ ਕੋਈ ਚੀਜ਼ ਹੀ ਨਹੀਂ ਅਤੇ ਜਾਨਣਾ ਅਨਜਾਨਣਾ ਤੇਰਾ ਜਾਨਣਾ ਹੀ ਹੈ। ਜਦ ਤੇਰਾ ਫੁਰਨਾ ਅਫੁਰ ਵਿਖੇ ਲੀਨ ਹੋਵੇਗਾ ਤਦ ਜਾਨਣਾ ਅਨਜਾਨਣਾ ਵੀ ਲੀਨ ਹੋ ਜਾਵੇਗਾ। ਇਸ ਦਾ ਦ੍ਰਿਸ਼ਟਾਂਤ ਸੁਣੋ :—

ਜੈਸੇ ਸੁਪਨੇ ਵਿਖੇ ਜਾਨਣਾ ਅਨਜਾਨਣਾ ਹੁੰਦਾ ਹੈ ਐਪਰ ਸਖੋਪਤ (ਗਹਿਰੀ ਨੀਂਦਰ) ਵਿਖੇ ਜਦ ਜੀਵ ਜਾਂਦਾ ਹੈ ਤਦ ਦੋਵੇਂ ਜਾਨਣਾ ਅਨਜਾਨਣਾ ਲੀਨ ਹੋ ਜਾਂਦੇ ਹਨ।

ਪ੍ਰਸ਼ਨ—ਜੇ ਜੀਵ ਇਕ ਹੈ ਤਾਂ ਇਹ ਡਰਦਾ ਕਿਸ ਤੋਂ ਹੈ ?

ਉੱਤਰ—ਜਿਸ ਤਰ੍ਹਾਂ ਸੁਫਨੇ ਵੇਲੇ ਜੀਵ, ਰਾਜਾ ਕਲਪਦਾ ਹੈ, ਚੋਰ ਕਲਪਦਾ ਹੈ, ਸ਼ੇਰ ਕਲਪਦਾ ਹੈ ਅਤੇ ਇਹਨਾਂ ਨੂੰ ਆਪ ਕਲਪ ਕੇ ਫਿਰ ਆਪ ਹੀ ਇਹਨਾਂ ਤੋਂ ਡਰਦਾ ਹੈ, ਸੋ ਕਿਸ ਤੋਂ ਡਰਦਾ ਹੈ ? ਆਪਣੀ ਕਲਪਨਾ ਤੋਂ ਆਪ ਹੀ ਡਰਦਾ ਹੈ ਅਤੇ ਜੋ ਡਰਦਾ ਹੈ ਉਸ ਦੇ ਡਰਨ ਨਾਲ ਅਸਲੀਅਤ ਵਿਚ ਕੀ ਘਟਦਾ ਹੈ ਅਤੇ ਜੋ ਨਹੀਂ ਡਰਦਾ ਉਸ ਦਾ ਅਸਲੀਅਤ ਵਿਚ ਕੀ ਵਧਦਾ ਹੈ ? ਨਾ ਡਰਨ ਵਾਲੇ ਦਾ ਕੁਛ ਘਟਦਾ ਹੈ ਅਤੇ ਨਾ ਨਾ-ਡਰਨ ਵਾਲੇ ਦਾ ਕੁਛ ਵਧਦਾ ਹੈ। ਜੀਵ ਦੋਹਾਂ ਹਾਲਤਾਂ ਦਾ ਸਾਖੀ ਹੈ।

ਪ੍ਰਸ਼ਨ—ਜੇ ਜੀਵ ਇਕ ਹੀ ਹੈ ਤਾਂ ਜੇ ਕੋਈ ਕਿਸੇ ਪਾਸੋਂ ਕੋਈ ਚੀਜ਼

ਮੰਗੀ ਤਾਂ ਉਹ ਅਗੋਂ 'ਨਾਂਹ' ਕਿਉਂ ਕਰ ਦੇਂਦਾ ਹੈ ?

ਉੱਤਰ—ਜੇ ਇਕ ਹੀ ਜੀਵ ਹੈ, ਤਾਂ ਦੇਵੇ ਕਿਸ ਨੂੰ ਅਤੇ ਲਵੇ ਕਿਸ ਤੋਂ ? ਦੇਣ-ਲੈਣ ਵਾਲਾ ਤਾਂ ਇਕ ਹੈ। ਦੇਣਾ ਅਤੇ ਲੈਣਾ ਤਾਂ ਦੂਸਰੇ ਨੂੰ ਜਾਂ ਦੂਸਰੇ ਕੋਲੋਂ ਹੁੰਦਾ ਹੈ। ਜੀਵ ਅਦੁੱਤੀ ਹੈ।

ਨੇਤਰਾਂ ਵਿਚ ਵੇਖਣ ਦੀ ਸ਼ਕਤੀ ਹੈ, ਕੰਨਾਂ ਵਿਚ ਸੁਣਨ ਦੀ ਸ਼ਕਤੀ ਹੈ, ਰਸਨਾ ਵਿਚ ਬੋਲਣ ਦੀ ਸ਼ਕਤੀ ਹੈ, ਨਾਸਾਂ ਵਿਚ ਸੁੰਘਣ ਦੀ ਸ਼ਕਤੀ ਹੈ ਅਤੇ ਪੈਰਾਂ ਵਿਚ ਚਲਣ ਦੀ ਸ਼ਕਤੀ ਹੈ। ਜੇ ਨੇਤਰਾਂ ਕੋਲੋਂ ਕੰਨ ਦੇਖਣ ਦੀ ਸ਼ਕਤੀ ਮੰਗਣ ਤਾਂ ਕੀ ਉਹ ਦੇ ਸਕਦੇ ਹਨ ? ਜੇ ਪੈਰ ਰਸਨਾ ਪਾਸੋਂ ਬੋਲਣ ਦੀ ਸ਼ਕਤੀ ਮੰਗਣ ਤਾਂ ਕੀ ਰਸਨਾ ਐਸਾ ਕਰ ਸਕਦੀ ਹੈ ? ਜਿਸ ਤਰ੍ਹਾਂ ਦਾ ਕਿਸੇ ਦਾ ਗੁਣ ਹੈ ਉਸੇ ਤਰ੍ਹਾਂ ਹੀ ਉਹ ਕਰ ਸਕਦਾ ਹੈ। ਜੇਕਰ ਉਸ ਤੋਂ ਕੋਈ ਉਸ ਦਾ ਗੁਣ ਮੰਗੇ ਤਾਂ ਉਹ ਨਹੀਂ ਦੇ ਸਕਦਾ। ਜੀਵ ਸਭ ਵਿਚ ਇਕ ਹੈ ਪਰ ਕਿਰਿਆ (ਕੰਮ) ਸਭ ਦੇ ਵਖੋ-ਵਖਰੇ ਹਨ। ਇਸ ਦਾ ਦ੍ਰਿਸ਼ਟਾਂਤ ਸੁਣੋ :—

ਜਿਸ ਤਰ੍ਹਾਂ ਸੁਪਨੇ ਵਿਚ ਇਕੋ ਹੀ ਜੀਵ ਅਨੇਕ ਪ੍ਰਕਾਰ ਦੀ ਰਚਨਾ ਰਚ ਕੇ ਆਪ ਹੀ ਦੇਖਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਜਾਂ ਜਗਤ ਵੀ ਇਸ ਜੀਵ ਦੀ ਹੀ ਖੇਡ ਹੈ। ਜਦ ਜੀਵ ਨੂੰ ਖੇਡਣ ਦੀ ਰੀਝ ਪੈਦਾ ਹੁੰਦੀ ਹੈ ਤਦ ਇਹ ਜੀਵ ਆਖਦਾ ਹੈ ਕਿ ਇਕ ਤੋਂ ਬਹੁਤ ਹੋ ਜਾਵਾਂ। ਫਿਰ ਕੀ ਹੁੰਦਾ ਹੈ, ਸੋ ਸੁਣੋ—ਜੀਵ ਦੀ ਉਸੇ ਵੇਲੇ ਅਨੇਕ ਪ੍ਰਕਾਰ ਬੁਧ ਹੋ ਜਾਂਦੀ ਹੈ ਅਤੇ ਅਨੇਕ ਪ੍ਰਕਾਰ ਦੇ ਭਿੰਨ-ਭਿੰਨ ਸਰੀਰ ਨਜ਼ਰ ਆਉਣ ਲੱਗ ਜਾਂਦੇ ਹਨ ਅਤੇ ਉਹਨਾਂ ਵਿਚ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਦਿਸਣ ਲੱਗ ਜਾਂਦੀਆਂ ਹਨ। ਕਿਸੇ ਪਾਸ ਰਾਜ ਦਰਬਾਰ ਦੀ ਸ਼ਕਤੀ ਨਜ਼ਰ ਆਉਂਦੀ ਹੈ, ਕਿਸੇ ਪਾਸ ਬੜੀ ਦੌਲਤ ਨਜ਼ਰ ਆਉਂਦੀ ਹੈ, ਕਿਸੇ ਪਾਸ ਗਰੀਬੀ ਨਜ਼ਰ ਆਉਂਦੀ ਹੈ, ਕਿਸੇ ਪਾਸ ਦੁਖ-ਭੁਖ ਨਜ਼ਰ ਆਉਂਦੇ ਹਨ, ਕਿਸੇ ਪਾਸ ਸਿਹਤ ਤੇ ਖੁਸ਼ਹਾਲੀ ਨਜ਼ਰ ਆਉਂਦੇ ਹਨ। ਕਿਸੇ ਪਾਸ ਕੋਈ ਖਾਸ ਗੁਣ ਦਿਸਦਾ ਹੈ ਇਹ ਸਭ ਕੁਝ ਜੀਵ ਵਿਚੋਂ ਉਤਪੰਨ ਹੋ ਕੇ ਜੀਵ ਨੂੰ ਜਗਤ ਰੂਪ ਹੋ ਕੇ ਭਾਸਦਾ ਹੈ ਅਤੇ ਇਸੇ ਖੇਡ ਨਾਲ ਜੀਵ ਖੇਡਦਾ ਹੈ। ਪਰ ਇਹ ਸਭ ਖੇਡ ਖੇਡਦਾ ਜੀਵ ਆਪ ਨਿਰਲੇਪ ਹੈ। ਜੀਵ ਅਦੁਤੀ (ਅਸਚਰਜ) ਹੈ।

ਇਹ ਜੀਵ ਕਿਤੇ ਰਾਜਾ ਦਾ ਰੂਪ ਧਾਰ ਕੇ ਖਲੋਤਾ ਹੈ, ਕਿਤੇ ਜੋਗੀ

ਦਾ ਰੂਪ ਧਾਰ ਬੈਠਾ ਹੈ ਅਤੇ ਕਿਤੇ ਗ੍ਰਹਿਸਥੀ ਬਣਿਆ ਬੈਠਾ ਹੈ। ਕਿਤੇ ਇਹ ਜੀਵ ਦਾਤਾ ਹੈ, ਕਿਤੇ ਭਿਖਾਰੀ ਹੈ।

ਜਿਸ ਤਰ੍ਹਾਂ ਇਹ ਜੀਵ ਸੁਫਨੇ ਵਿਚ ਅਨੇਕ ਪ੍ਰਕਾਰ ਦੀ ਰਚਨਾ ਰਚਦਾ ਹੈ ਅਤੇ ਸਾਰੀ ਰਚਨਾ ਰਚਣ ਦੇ ਬਾਵਜੂਦ ਵੀ ਉਸ ਰਚਨਾ ਤੋਂ ਅਲੇਪ, ਅਤੀਤ ਜਾਂ ਵਖਰਾ ਰਹਿੰਦਾ ਹੈ, ਇਸੇ ਤਰ੍ਹਾਂ ਹੀ ਇਹ ਦਿਨ ਨੂੰ ਦਿਸਣ ਵਾਲੀ ਜਗਤ ਰਚਨਾ ਜੀਵ ਦੀ ਹੀ ਖੇਡ ਹੈ। ਨਾ ਕੋਈ ਰਾਜਾ ਹੈ, ਨਾ ਕੋਈ ਰੰਕ ਹੈ, ਨਾ ਕੋਈ ਦੁਖੀ ਹੈ ਨਾ ਕੋਈ ਸੁਖੀ, ਸਭ ਸੁਫਨਾ ਹੀ ਸੁਫਨਾ ਹੈ। ਸਭ ਸੁਫਨੇ ਦੀ ਹੀ ਖੇਡ ਹੈ। ਜਿਸ ਤਰ੍ਹਾਂ ਪੁਤਲੀਗਰ ਦੀਆਂ ਪੁਤਲੀਆਂ ਪੁਤਲੀਗਰ ਦੇ ਇਸ਼ਾਰੇ ਤੇ ਨੱਚਦੀਆਂ ਹਨ, ਤਿਵੇਂ ਇਸ ਜਗਤ ਵਿਖੇ ਅਨੇਕ ਪ੍ਰਕਾਰ ਦੀਆਂ ਪੁਤਲੀਆਂ ਜੀਵ ਦੇ ਇਸ਼ਾਰੇ ਤੇ ਨੱਚਦੀਆਂ ਹਨ।

ਜਿਥੇ-ਜਿਥੇ ਜੀਵ ਨੇ ਸ਼ਾਹੂਕਾਰ ਦਾ ਰੂਪ ਧਾਰਿਆ ਹੈ, ਉਥੇ-ਉਥੇ ਉਹ ਸ਼ਾਹੂਕਾਰ ਦੀ ਕਿਰਤ ਕਰਦਾ ਹੈ ਅਤੇ ਜਿਥੇ ਗ੍ਰਿਹਸਥੀ ਦਾ ਰੂਪ ਧਾਰਿਆ ਹੈ ਉਥੇ ਗ੍ਰਿਹਸਥੀ ਦੀ ਕਿਰਤ ਕਰਦਾ ਹੈ। ਹੈ ਸਭ ਵਿਚ ਇਕ ਜੀਵ। ਜੀਵ ਅਦੁਤੀ ਅਸਚਰਜ ਹੈ। ਜਦ ਜੀਵ ਹੀ ਜੀਵ ਹੈ ਤਾਂ ਦੇਵੇ ਕਿਸ ਨੂੰ ਅਤੇ ਨਾ ਦੇਵੇ ਕਿਸ ਨੂੰ ? ਦੂਸਰਾ ਤੇ ਹੈ ਹੀ ਨਹੀਂ। ਜੇ ਰਾਜੇ ਤੋਂ ਕੋਈ ਰਾਜ ਮੰਗੇ ਅਤੇ ਰਾਜਾ ਦੇ ਦੇਵੇ ਤਾਂ ਉਹ ਰਾਜਾ ਆਪਣੀ ਕਿਰਤ ਪੂਰੀ ਨਹੀਂ ਕਰਦਾ। ਜੇ ਸਾਰੇ ਪ੍ਰਾਣੀ ਰਾਜਾ ਤੋਂ ਰਾਜ ਮੰਗਣ ਤਾਂ ਉਹ ਕਿਸ-ਕਿਸ ਨੂੰ ਰਾਜ ਦੇਵੇ ? ਇਤਨੇ ਰਾਜ ਕਿਥੋਂ ਲਿਆਏ ? ਅਤੇ ਜੇ ਸਾਰੇ ਹੀ ਭੂਤ-ਪ੍ਰਾਣੀ ਰਾਜਾ ਹੋ ਬੈਠਣ ਤਦ ਰੱਯਤ ਕਿਹੜੀ ਰਹੇ ਅਤੇ ਚਾਕਰ ਕਿਹੜਾ ਰਹੇ ? ਜੇਕਰ ਕੋਈ ਸ਼ਾਹੂਕਾਰ ਹੋਵੇ, ਅਤੇ ਜੇ ਸਾਰੇ ਭੂਤ-ਪ੍ਰਾਣੀ ਸ਼ਾਹੂਕਾਰ ਤੋਂ ਧਨ ਮੰਗਣ ਕਿ ਮੈਨੂੰ ਦੇ, ਮੈਨੂੰ ਦੇ, ਤਾਂ ਕੋਡੀ ਵੀ ਵੰਡੀ ਨਾ ਆਵੇ। ਸ਼ਾਹੂਕਾਰ ਆਪਣੀ ਪਰਵਿਰਤ ਦਾ ਸੁਖ ਵੀ ਗਵਾ ਲਵੇ ਅਤੇ ਸ਼ਾਹੂਕਾਰ ਵੀ ਕਿਸੇ ਨੂੰ ਨਾ ਬਣਾ ਸਕੇ। ਜੇ ਸਾਰੇ ਹੀ ਸ਼ਾਹੂਕਾਰ ਬਣ ਜਾਣ ਤਾਂ ਫਿਰ ਮਿਹਨਤ ਮੁਸ਼ੱਕਤ ਦਾ ਕੰਮ ਕੌਣ ਕਰੇ ? ਜੇ ਇਹ ਦੇਣ-ਲੈਣ ਦੀ ਖੁਲ੍ਹ ਹੋ ਜਾਵੇ ਤਾਂ ਪਰਵਿਰਤ ਰੂਪੀ ਖੇਲ ਦੀ ਸਫਲਤਾ ਹੀ ਨਹੀਂ ਹੋ ਸਕਦੀ।

ਇਹ ਦੇਵਣਾ-ਲੇਵਣਾ ਭਰਮ ਹੈ। ਮੁਢ ਨੂੰ ਪਾਣੀ ਦੇਣ ਨਾਲ ਦਰਖਤ ਦੇ ਸਾਰੇ ਪੱਤ੍ਰ ਹਰੇ ਭਰੇ ਹੋ ਜਾਂਦੇ ਹਨ। ਜੇਕਰ ਪੱਤਰ-ਪੱਤਰ

ਨੂੰ ਪਾਣੀ ਦਿਤਾ ਜਾਵੇ ਤਾਂ ਪੂਰਾ ਨਹੀਂ ਹੋ ਸਕਦਾ, ਭੁਲ ਜਾਈਦਾ ਹੈ। ਜੀਵ ਸੁਧ ਹੈ ਅਤੇ ਸੰਸਾਰ ਦਾ ਬੀਜ 'ਹੰਕਾਰ' ਹੈ ਅਤੇ ਮੁੱਢ 'ਮਨ' ਹੈ, ਅਤੇ ਤਨ 'ਪੇੜ' ਹੈ। ਤਿੰਨ ਗੁਣ (ਰਜੋ, ਤਮੋ, ਸਤੋ) ਦਰਖਤ ਦੀਆਂ ਸ਼ਾਖਾਂ ਹਨ ਅਤੇ ਜਿਤਨੇ ਭੂਤ ਪ੍ਰਾਣੀ ਹਨ ਇਹ ਸਭ ਪੱਤੇ ਹਨ। ਜਦ 'ਮਨ' ਨੂੰ ਤ੍ਰਿਪਤ ਕਰੋ ਤਾਂ ਸਭ ਨੂੰ ਸ਼ਾਂਤੀ ਆ ਜਾਂਦੀ ਹੈ ਅਤੇ ਜਦ ਇਸ ਮਨ ਨੂੰ ਤ੍ਰਿਸ਼ਨਾ ਰੂਪੀ ਚਾਹ ਉਪਜੇ ਤਾਂ ਵਿਚਾਰ ਬਿਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਵੀ ਮਨ ਨੂੰ ਤ੍ਰਿਪਤ ਨਹੀਂ ਕਰ ਸਕਦੇ। ਕਿਉਂ ਨਹੀਂ ਤ੍ਰਿਪਤ ਕਰ ਸਕਦੇ ? ਸੋ ਸੁਣੋ। ਮਨ ਸਭ ਦਾ ਕਾਰਨ ਹੈ ਅਤੇ ਇਹ ਤਿੰਨ ਲੋਕਾਂ ਵਿਚ ਮਨ ਦਾ ਰਾਜ ਹੈ। ਜਿਵੇਂ ਕਾਰਜ (effect) ਨਾਲ ਕਾਰਨ (cause) ਤ੍ਰਿਪਤ ਨਹੀਂ ਹੁੰਦਾ, ਤਿਵੇਂ ਮਨ ਦੇ ਤ੍ਰਿਪਤ ਹੋਏ ਬਗੈਰ ਕੋਈ ਵੀ ਤ੍ਰਿਪਤ ਨਹੀਂ ਹੁੰਦਾ। ਇਸ ਦਾ ਦ੍ਰਿਸ਼ਟਾਂਤ ਇਹ ਹੈ। ਆਕਾਸ਼ ਬਾਕੀ ਦੇ ਚਾਰਾਂ ਤੱਤਾਂ ਨੂੰ ਥਾਂ ਦੇ ਰਿਹਾ ਹੈ। ਪ੍ਰਿਥਵੀ, ਤੇਜ, ਜਲ, ਵਾਯੂ ਸਭ ਆਕਾਸ਼ ਵਿਚ ਹਨ, ਪਰ ਇਨ੍ਹਾਂ ਨਾਲ ਆਕਾਸ਼ ਭਰਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਤਿੰਨਾਂ ਲੋਕਾਂ ਨਾਲ ਵੀ ਮਨ ਨਹੀਂ ਤ੍ਰਿਪਤ ਹੁੰਦਾ। ਕਿਉਂਕਿ ਮਨ ਤਿੰਨਾਂ ਲੋਕਾਂ ਦਾ ਕਾਰਨ ਹੈ। ਮਨ ਤੋਂ ਤਿੰਨੇ ਲੋਕ ਉਪਜਦੇ ਹਨ, ਇਸ ਲਈ ਮਨ ਨੂੰ ਤ੍ਰਿਪਤ ਨਹੀਂ ਕਰ ਸਕਦੇ।

ਸਵਕਤ (Material) ਨਾਲ ਸਵਕਤ ਹੀ ਤ੍ਰਿਪਤ ਹੁੰਦਾ ਹੈ। ਜੈਸੇ ਸਰੀਰ ਜੋ ਸਵਕਤ ਹੈ ਉਸ ਵਿਚ ਅੰਨ ਜੋ ਕਿ ਸਵਕਤ ਹੈ, ਪਾਈਏ ਤਾਂ ਸਰੀਰ ਤ੍ਰਿਪਤ ਹੋ ਜਾਂਦਾ ਹੈ। ਪਰ ਮਨ ਅਵਕਤ (Mental) ਹੈ ਇਸ ਦੀ ਤ੍ਰਿਸ਼ਨਾ ਨੂੰ ਵਿਚਾਰ (ਬਿਬੇਕ) ਜੋ ਕਿ ਅਵਕਤ ਹੈ, ਤ੍ਰਿਪਤ ਕਰਦੀ ਹੈ। ਅਵਕਤ ਸ਼ਸਤਰ ਅਵਕਤ ਸ਼ਸਤਰ ਤੇ ਹੀ ਮਾਰ ਕਰਦਾ ਹੈ। ਮਨ ਅਵਕਤ ਹੈ ਅਤੇ ਮਨ ਤੋਂ ਤ੍ਰਿਸ਼ਨਾ ਰੂਪੀ ਅਵਿਦਿਆ ਉਪਜ ਕੇ ਮਨ ਨੂੰ ਦੁਖੀ ਕਰਦੀ ਹੈ। ਇਸੇ ਤਰ੍ਹਾਂ ਵਿਦਿਆ ਰੂਪੀ ਵਿਚਾਰ (ਬਿਬੇਕ) ਅਵਕਤ ਹੈ ਅਤੇ ਇਸ ਨਾਲ ਮਨ ਦੀ ਸ਼ਾਂਤੀ ਹੁੰਦੀ ਹੈ।

ਜਿਸ ਤਰ੍ਹਾਂ ਦਿਨ ਤੇ ਰਾਤ ਆਕਾਸ਼ ਦੇ ਆਸਰੇ ਹਨ। ਜਦ ਸੂਰਜ ਅਸਤ ਹੁੰਦਾ ਹੈ ਤਾਂ ਆਕਾਸ਼ ਵਿਚ ਹਨੇਰਾ ਛਾ ਜਾਂਦਾ ਹੈ ਅਤੇ ਜਦ ਸੂਰਜ ਚੜ੍ਹਦਾ ਹੈ ਤਾਂ ਆਕਾਸ਼ ਵਿਚ ਚਾਨਣ ਹੋ ਜਾਂਦਾ ਹੈ। ਇਸੇ ਤਰ੍ਹਾਂ ਵਿਦਿਆ ਅਵਿਦਿਆ ਜੀਵ ਦਾ ਆਧਾਰ ਹੈ। ਜਦ ਵਿਚਾਰ ਰੂਪ ਸੂਰਜ ਪ੍ਰਗਟ ਹੁੰਦਾ ਹੈ ਤਦ ਗਿਆਨ ਰੂਪੀ ਚਾਨਣਾ ਹੋ ਜਾਂਦਾ ਹੈ।

ਜੋ ਪ੍ਰਸ਼ਨ ਕੀਤਾ ਗਿਆ ਸੀ ਕਿ ਜੇਕਰ ਜੀਵ ਇਕ ਹੀ ਹੈ ਤਾਂ ਫੇਰ ਇਕ ਤੋਂ ਚੀਜ਼ ਮੰਗੋ ਤਾਂ ਉਹ ਦੇਂਦਾ ਕਿਉਂ ਨਹੀਂ ? ਉਸ ਪ੍ਰਸ਼ਨ ਦਾ ਹੋਰ ਉਤਰ ਸੁਣੋ :—

ਜਿਸ ਤਰ੍ਹਾਂ ਸੁਫਨੇ ਵਿਚ ਤੁਹਾਥੋਂ ਕਿਸੇ ਨੇ ਚੀਜ਼ ਮੰਗੀ ਅਤੇ ਤੁਸੀਂ ਉਸ ਨੂੰ ਨਾ ਦਿੱਤੀ, ਜਾਂ ਕਿਸੇ ਨੇ ਮੰਗੀ ਤੇ ਤੁਸੀਂ ਉਸ ਨੂੰ ਦੇ ਦਿਤੀ ! ਜਿਸ ਨੇ ਮੰਗੀ ਅਤੇ ਤੁਸੀਂ ਦੇ ਦਿਤੀ, ਉਹ ਕੌਣ ਹੈ ? ਜਿਸ ਨੇ ਮੰਗੀ ਤੇ ਤੁਸੀਂ ਨਹੀਂ ਦਿਤੀ ਤਾਂ ਉਹ ਕੌਣ ਹੈ ? ਅਤੇ ਉਹ ਚੀਜ਼ ਕੀ ਹੈ ? ਨਾ ਕੋਈ ਚੀਜ਼ ਹੈ ਨਾ ਕੋਈ ਮੰਗਣ ਵਾਲਾ ਹੈ।

ਸਵਾਲ—ਜੇਕਰ ਸਭ ਸਰੀਰਾਂ ਵਿਚ ਇਕੋ ਹੀ ਜੀਵ ਹੈ ਤਾਂ ਗੁੱਸੇ ਵਿਚ ਆ ਕੇ ਇਕ ਸਰੀਰ ਦੂਸਰੇ ਸਰੀਰ ਦਾ ਖ਼ੂਨ ਕਿਉਂ ਕਰ ਦੇਂਦਾ ਹੈ ? ਇਕ ਆਦਮੀ ਦੂਸਰੇ ਆਦਮੀ ਨੂੰ ਕਰੋਧ ਵਿਚ ਆ ਕੇ ਕਤਲ ਕਿਉਂ ਕਰ ਦੇਂਦਾ ਹੈ ?

ਜਵਾਬ—ਅਵਿਦਿਆ ਰੂਪੀ ਅਸਮਝ, ਵਿਦਿਆ ਰੂਪੀ ਸਮਝ ਉਤੇ ਜਦ ਗ਼ਲਬਾ ਪਾ ਜਾਂਦੀ ਹੈ ਤਾਂ ਇਹ ਆਪਣੇ ਆਪ ਨੂੰ ਦੇਹ ਮੰਨਦਾ ਹੈ ਅਤੇ ਦੂਸਰੇ ਨੂੰ ਵੀ ਦੇਹ ਮੰਨਦਾ ਅਤੇ ਆਪਣੇ ਤੋਂ ਵਖਰਾ ਜਾਣਦਾ ਹੈ ਇਸੇ ਕਰਕੇ ਰਾਗ-ਦਵੈਤ ਪੈਦਾ ਹੁੰਦੇ ਹਨ, ਇਸੇ ਕਰਕੇ ਤ੍ਰਿਸ਼ਨਾ ਅਤੇ ਬਖੀਲੀ ਉਪਜਦੇ ਹਨ। ਇਸ ਤਰ੍ਹਾਂ ਦੀ ਅਵਿਦਿਆ ਰੂਪੀ ਅਸਮਝ ਨੂੰ ਧਾਰਨ ਕਰਦਾ ਜੀਵ ਗੁੱਸੇ ਵਿਚ ਕਤਲ ਕਰ ਦੇਂਦਾ ਹੈ। ਆਪਣੇ ਸੁਖ ਲਈ ਜੀਵ ਠੱਗੀ, ਦਗ਼ੇਬਾਜ਼ੀ, ਪਾਖੰਡ ਆਦਿ ਕਰਦਾ ਹੈ ਪਰ ਜਦ ਇਹ ਜੀਵ ਆਪਣੇ ਆਪ ਦੇ ਵਿਚਾਰ ਵਿਚ ਪੈਂਦਾ ਹੈ ਤੇ ਬਿਬੇਕ (ਵਿਚਾਰ) ਕਰਦਾ ਹੈ ਤਦ ਅਸਮਝ ਰੂਪੀ ਅਗਿਆਨਤਾ ਅਤੇ ਇਸ ਤੋਂ ਪੈਦਾ ਹੋਏ ਰਾਗ-ਦਵੈਤ ਮਿਟ ਜਾਂਦੇ ਹਨ, ਅਤੇ ਜੀਵ ਆਪਣੇ ਆਪ ਨੂੰ ਅਦੁਤੀ (ਅਸਚਰਜ) ਦਾ ਅਦੁਤੀ ਦੇਖਦਾ ਹੈ।

ਸਵਾਲ—ਗਿਆਨਵਾਨਾਂ ਵਿੱਚ ਵੀ ਰਾਗ-ਦਵੈਤ ਦਿਸਦਾ ਹੈ। ਉਹ ਆਪਣੇ ਸਰੀਰ ਨੂੰ ਖ਼ੁਰਾਕ ਤੇ ਪਾਣੀ ਨਾਲ ਪਾਲਦੇ ਹਨ। ਸਰਦੀ, ਗਰਮੀ, ਬਾਰਸ਼, ਅੰਧੇਰੀ ਤੋਂ ਸਰੀਰ ਨੂੰ ਬਚਾਂਦੇ ਹਨ। ਆਪਣੇ ਆਪ ਦੀ ਚੋਰ ਉਚੱਕੇ ਤੋਂ ਰਖਿਆ ਕਰਦੇ ਹਨ ?

ਜਵਾਬ—ਸਰੀਰ ਤਾਂ ਅੰਧਾ, ਮਿਟੀ ਦਾ ਟੁਕੜਾ ਹੈ। ਜੇਕਰ ਇਸ ਦੀ ਰਖਿਆ ਨਾ ਕੀਤੀ ਜਾਵੇ ਤਾਂ ਜੀਵ ਨੂੰ ਸਰੀਰ ਕਰਕੇ ਹੀ ਦੁਖੀ ਹੋਣਾ

ਪਵੇ। ਪਰ ਸਰੀਰ ਦਾ ਧਿਆਨ ਰਖਣ ਨੂੰ ਰਾਗ ਨਹੀਂ ਆਖਦੇ।

ਸਵਾਲ—ਤਾਂ ਫਿਰ ਰਾਗ ਕੀ ਹੋਇਆ ?

ਜਵਾਬ—ਰਾਗ ਇਸ ਨੂੰ ਆਖਦੇ ਹਨ—ਆਪਣੇ ਸਰੀਰ ਲਈ ਕਿਸੇ ਜੀਵ ਦਾ ਘਾਤ ਕਰਨਾ, ਕਿਸੇ ਜੀਵ ਨੂੰ ਦੁਖਾਣਾ, ਕਿਸੇ ਦਾ ਕੁਝ ਚੁਰਾਣਾ ਜਾਂ ਛੁਪਾਣਾ, ਅਧਰਮ ਕਰਕੇ ਸਰੀਰ ਦੀ ਰਖਿਆ ਕਰਨੀ। ਵਿਚਾਰਵਾਨ ਆਪਣੇ ਸਰੀਰ ਨੂੰ ਜੜ੍ਹ ਅਤੇ ਅੰਧ ਦੇਖਦਾ ਹੈ। ਸਰੀਰ ਦੀ ਕਿਰਿਆ ਦਾ ਅਭਿਮਾਨ ਨਹੀਂ ਕਰਦਾ। ਜੇਕਰ ਇਕ ਵਿਚਾਰਵਾਨ ਦੂਸਰੀ ਦੇਹ ਦੀ ਜਲ ਨਾਲ, ਖੁਰਾਕ ਨਾਲ ਜਾਂ ਬਸਤਰ ਨਾਲ ਸੇਵਾ ਕਰਦਾ ਹੈ, ਉਸ ਨਾਲ ਉਸ ਨੂੰ ਕੀ ਰਾਗ ਹੋ ਸਕਦਾ ਹੈ ? ਜੇਕਰ ਕਿਸੇ ਆਦਮੀ ਦੇ ਪਿਛੇ ਸੱਪ ਹੈ ਅਤੇ ਦੂਸਰੇ ਆਦਮੀ ਨੇ ਉਸ ਨੂੰ ਕਿਹਾ ਕਿ ਦੇਖ ਤੇਰੇ ਪਿਛੇ ਸੱਪ ਹੈ, ਤਾਂ ਉਸ ਨੂੰ ਉਸ ਨਾਲ ਕੀ ਰਾਗ ਹੋਇਆ ?

ਇਸ ਦਾ ਹੋਰ ਦ੍ਰਿਸ਼ਟਾਂਤ ਸੁਣੋ—ਜਦ ਜੀਵ ਆਪਣਾ ਫੁਰਨਾ ਕਰਕੇ, ਸੁਫਨਾ ਦੇਖਦਾ ਹੈ ਅਰ ਰਾਗ-ਦਵੈਤ ਵਰਤਦਾ ਹੈ, ਤਦ ਰਾਗ-ਦਵੈਤ ਕਿਸ ਨਾਲ ਵਰਤਦਾ ਹੈ ? ਅਤੇ ਜਦ ਸੁਫਨੇ ਤੋਂ ਜਾਗਦਾ ਹੈ ਤਦ ਆਪਣੇ ਆਪ ਨੂੰ ਅਦੁਤੀ ਦਾ ਅਦੁੱਤੀ (ਅਸਚਰਜ) ਦੇਖਦਾ ਹੈ। ਜੀਵ ਆਪਣੇ ਆਪ ਵਿਚ ਸਤ-ਚਿਤ-ਆਨੰਦ ਹੈ।

ਸਵਾਲ—ਜੀਵ ਤਾਂ ਇਕ ਹੈ ਪਰ ਸਤ-ਚਿਤ-ਆਨੰਦ ਤਿੰਨ ਹਾਲਾਤ ਹਨ? ਸਤ ਵੱਖਰੀ, ਚਿਤ ਵੱਖਰੀ ਅਤੇ ਆਨੰਦ ਵੱਖਰੀ ਹਾਲਤ ਹੈ ? ਕਿਸੇ ਜੀਵ ਵਿਚ ਕੋਈ, ਕਿਸੇ ਜੀਵ ਵਿਚ ਕੋਈ ਦਿਸਦੀ ਹੈ ? ਕਿਰਪਾ ਕਰਕੇ ਸਮਝਾਵੋ।

ਜਵਾਬ—ਸਤ-ਚਿਤ-ਆਨੰਦ ਜੀਵ ਦਾ ਲਛਣ ਸਰੂਪ ਹੈ। ਜਿਸ ਤਰ੍ਹਾਂ ਕਿਸੇ ਦੇ ਚਿਹਰੇ ਵਿਚ ਅੱਖਾਂ, ਨੱਕ, ਮੂੰਹ, ਕੰਨ ਤੇ ਸਿਰ ਸ਼ਾਮਲ ਹੁੰਦੇ ਹਨ, ਅਤੇ ਇਹ ਸਭ ਮਿਲ ਕੇ ਹੀ ਉਸ ਦਾ ਸਰੂਪ ਬਣਦਾ ਹੈ, ਇਸੇ ਤਰ੍ਹਾਂ ਜੀਵ ਅਸਲ ਵਿਚ ਸਤ-ਚਿਤ-ਆਨੰਦ ਹੈ। ਇਸ ਦਾ ਇਕ ਹੋਰ ਦ੍ਰਿਸ਼ਟਾਂਤ ਸੁਣੋ :— ਜਿਸ ਤਰ੍ਹਾਂ ਇਕ ਅੱਗ ਵਿਚ ਤਿੰਨੇ ਸ਼ਕਤੀਆਂ ਇਕੱਠੀਆਂ ਹੁੰਦੀਆਂ ਹਨ। ਗਰਮੀ ਦੀ ਸ਼ਕਤੀ, ਸਾੜਨ ਦੀ ਸ਼ਕਤੀ ਅਤੇ ਪ੍ਰਕਾਸ਼ (ਚਾਨਣ) ਕਰਨ ਦੀ ਸ਼ਕਤੀ, ਇਸੇ ਤਰ੍ਹਾਂ ਜੀਵ ਵਿਚ ਵੀ ਤਿੰਨੇ ਗੁਣ ਇਕੱਠੇ ਹਨ, ਸਤ-ਚਿਤ-ਆਨੰਦ।

ਸਵਾਲ—ਜੇਕਰ ਜੀਵ ਸਤ-ਚਿਤ-ਆਨੰਦ ਹੈ ਤਾਂ ਫਿਰ ਜੀਵ ਆਪਣੇ ਨੂੰ ਦੁਖੀ ਕਿਉਂ ਮੰਨਦਾ ਹੈ ? ਉਸ ਦੇ ਆਨੰਦ ਨੂੰ ਕੌਣ ਖੋਹ ਲੈਂਦਾ ਹੈ ?

ਜਵਾਬ—ਜਿਸ ਤਰ੍ਹਾਂ ਅੱਗ ਵਿਚ ਜਦੋਂ ਆਹੂਤੀ ਪਾਵੋ ਤਾਂ ਅਗਨੀ ਦੇ ਤੇਜ ਨੂੰ ਆਹੂਤੀ ਦਬਾ ਲੈਂਦੀ ਹੈ, ਔਪਰ ਜਦ ਪਖੇ ਨਾਲ ਹਵਾ ਝਲੋ ਤਾਂ ਅੱਗ ਫੇਰ ਚਮਕ ਉਠਦੀ ਹੈ, ਇਸੇ ਤਰ੍ਹਾਂ ਜੀਵ ਵਿਚ ਤ੍ਰਿਸ਼ਨਾ ਉਪਜ ਕੇ ਉਸ ਦੇ ਅਸਲੇ ਸਚ-ਚਿਤ-ਆਨੰਦ ਨੂੰ ਦਬਾ ਦੇਂਦੀ ਹੈ, ਔਪਰ ਜਦ ਵਿਚਾਰ ਰੂਪੀ ਪਖੇ ਨਾਲ ਗਿਆਨ ਰੂਪੀ ਹਵਾ ਜੀਵ ਨੂੰ ਲਗੇ ਤਾਂ ਤ੍ਰਿਸ਼ਨਾ ਰੂਪੀ ਉਪਾਧੀ ਭਸਮ ਹੋ ਜਾਂਦੀ ਹੈ, ਅਤੇ ਜੀਵ ਫਿਰ ਉਸ ਦਾ ਅਸਲਾ, ਸਤ-ਚਿਤ-ਆਨੰਦ ਪ੍ਰਗਟ ਹੋ ਜਾਂਦਾ ਹੈ।

ਸਵਾਲ—ਜੇਕਰ ਜੀਵ ਇਕ ਹੀ ਹੈ ਤਾਂ ਸਭ ਜੀਵਾਂ ਵਿਚ ਇਕੋ ਜਿਹੀ ਸ਼ਕਤੀ ਹੋਣੀ ਚਾਹੀਏ, ਪਰ ਕਿਸੇ ਜੀਵ ਵਿਚ ਥੋੜੀ ਕਿਸੇ ਵਿਚ ਬਹੁਤੀ ਸ਼ਕਤੀ ਨਜ਼ਰ ਆਉਂਦੀ ਹੈ ? ਜੀਵ ਇਕ ਕਿਸ ਤਰ੍ਹਾਂ ਹੋਇਆ ?

ਜਵਾਬ—ਜਿਸ ਤਰ੍ਹਾਂ ਸੂਰਜ, ਚੰਦ ਅਤੇ ਸਿਤਾਰਿਆਂ ਵਿਚ ਵਖੋ-ਵਖਰੀਆਂ ਸ਼ਕਤੀਆਂ ਭਾਸਦੀਆਂ ਹਨ, ਪਰ ਅਸਲ ਵਿਚ ਇਕ ਹੀ ਸ਼ਕਤੀ ਹੈ। ਜੈਸੇ ਸਮੁੰਦਰ ਦੀ ਸ਼ਕਤੀ ਸਮੁੰਦਰ ਵਿਚ ਹੀ ਹੈ ਅਤੇ ਦਰਿਆ ਦੀ ਸ਼ਕਤੀ ਦਰਿਆ ਵਿਚ, ਅਤੇ ਨਦੀਆਂ, ਨਾਲਿਆਂ, ਤਲਾਵਾਂ ਅਤੇ ਟੋਭਿਆਂ ਦੀਆਂ ਸ਼ਕਤੀਆਂ ਇਹਨਾਂ ਹਰ ਇਕ ਵਿਚ ਵਖੋ-ਵਖਰੀਆਂ ਹਨ, ਔਪਰ ਪਾਣੀ ਸਭ ਵਿਚ ਇਕੋ ਹੀ ਹੈ, ਇਸੇ ਤਰ੍ਹਾਂ ਜੀਵ ਸਭ ਵਿਚ ਇਕੋ ਹੀ ਹੈ। ਜਦ ਇਹ ਆਪਣੀ ਉਪਾਧੀ ਨੂੰ ਤਿਆਗ ਕੇ ਆਪਣੇ ਸਰੂਪ ਵਿਚ ਲੀਨ ਹੁੰਦਾ ਹੈ ਤਦ ਸਭ ਹੀ ਨਾਮ ਰੂਪ ਗੁਣ ਮਿਟ ਜਾਂਦੇ ਹਨ ਅਤੇ ਜੀਵ ਅਦੁਤੀ ਸਤ-ਚਿਤ-ਆਨੰਦ ਰਹਿ ਜਾਂਦਾ ਹੈ। ਉਪਾਧੀ ਦਾ ਤਿਆਗਣਾ ਕੀ ਹੈ ? ਆਪਣੇ ਨਾਮ ਰੂਪ ਅਤੇ ਗੁਣਾਂ ਤੋਂ ਰਹਿਤ ਹੋ ਕੇ ਆਪਣੇ ਆਪ ਨੂੰ ਆਤਮ-ਸਰੂਪ ਹੀ ਜਾਨਣਾ।

ਇਸ ਦਾ ਹੋਰ ਦ੍ਰਿਸ਼ਟਾਂਤ ਹੈ : ਮਿਤ (Space) ਆਕਾਸ਼ ਦੀ ਕਿਰਿਆ ਹੈ। ਮਿਤ ਆਕਾਸ਼ ਵਿਖੇ ਪਾਈਦਾ ਹੈ। ਅਨੇਕ ਪਰਬਤ ਅਤੇ ਸਤ ਸਮੁੰਦਰ, ਅਨੇਕ ਨਗਰ, ਸ਼ਹਿਰ ਅਨੇਕ ਬਣਾਂ ਨੂੰ ਆਕਾਸ਼ ਆਪਣੇ ਵਿਖੇ ਥਾਂ (ਜਗ੍ਹਾਂ) ਦੇਂਦਾ ਹੈ ਔਪਰ ਆਪ ਪੂਰਨ ਦਾ ਪੂਰਨ ਹੈ। ਇਸੇ ਤਰ੍ਹਾਂ ਆਕਾਸ਼ ਵਿਚੋਂ ਮੀਂਹ-ਹਨੇਰੀਆਂ ਉਠਦੀਆਂ ਹਨ ਅਤੇ ਆਕਾਸ਼

ਵਿਚ ਹੀ ਲੀਨ ਹੋ ਜਾਂਦੀਆਂ ਹਨ, ਐਪਰ ਆਕਾਸ਼ ਜਿਉਂ ਦਾ ਤਿਉਂ ਸ਼ੁਧ ਸਰੂਪ ਹੈ, ਅਤੇ ਕੋਟ ਆਕਾਸ਼ਾਂ ਦੀ ਕਿਰਿਆ ਕੋਟ ਆਕਾਸ਼ਾਂ ਵਿਚ ਪਾਈਦੀ ਹੈ। ਅਨੇਕ ਖੂਹ ਹਨ, ਅਨੇਕ ਬਾਗ ਹਨ। ਘਰ ਦੇ ਆਕਾਸ਼ ਦੀ ਕਿਰਿਆ ਘਰ ਦੇ ਆਕਾਸ਼ ਵਿਚ ਹੀ ਪਾਈਦੀ ਹੈ। ਜਿਥੇ ਪੰਜ-ਸਤ ਪ੍ਰਾਣੀ ਵਸਦੇ ਹੋਣ ਉਥੇ ਉਹਨਾਂ ਦੇ ਵਰਤਣ ਦੀਆਂ ਹੀ ਚੀਜ਼ਾਂ ਹੁੰਦੀਆਂ ਹਨ, ਪਰ ਆਕਾਸ਼ ਸਭ ਘਰਾਂ ਵਿਚ ਇਕੋ ਹੀ ਹੈ। ਸੋ ਇਹ ਉਪਾਧ ਭੇਦ ਹੈ। ਸਰੂਪ ਸਭ ਦਾ ਇਕ ਹੀ ਹੈ। ਕੁਮੀ ਦੇ ਆਕਾਸ਼ ਦੀ ਕਿਰਿਆ ਕੁਮੀ ਦੇ ਆਕਾਸ਼ ਵਿਚ ਹੁੰਦੀ ਹੈ, ਅਤੇ ਕੋਟ ਆਕਾਸ਼ ਦੀ ਕਿਰਿਆ ਕੋਟ ਆਕਾਸ਼ ਵਿਚ ਹੁੰਦੀ ਹੈ ? ਕੁਮੀ ਦਾ ਆਕਾਸ਼ ਆਪਣੇ ਵਿਚ ਛੋਟੀ ਉਪਾਧ ਕਲਪ ਕਰਕੇ ਆਪ ਨੂੰ ਛੋਟਾ ਮੰਨਦਾ ਹੈ, ਅਰ ਕੋਟ ਆਕਾਸ਼ ਆਪਣੇ ਵਿਚ ਵੱਡੀ ਉਪਾਧ ਕਲਪ ਕੇ ਆਪ ਨੂੰ ਵੱਡਾ ਮੰਨਦਾ ਹੈ ਪਰ ਦੋਨੋਂ ਆਕਾਸ਼ ਆਕਾਸ਼ ਹੀ ਹਨ। ਦੋਹਾਂ ਵਿਚ ਉਪਾਧ ਹੈ, ਇਸ ਕਰਕੇ ਭਿੰਨ ਪ੍ਰਤੀਤ ਹੁੰਦੇ ਹਨ। ਵਾਸਤਵ ਵਿਚ ਦੋਨੋਂ ਆਕਾਸ਼ ਇਕ ਆਕਾਸ਼ ਹੀ ਹਨ ਅਤੇ ਨਿਰਲੇਪ ਹਨ ਅਤੇ ਵਖੋ ਵਖਰੇ ਕਦੀ ਵੀ ਨਹੀਂ ਹੋਏ। ਵੱਡੀ ਸ਼ਕਤੀ ਵੱਡੀ ਉਪਾਧ ਹੈ ਤੇ ਛੋਟੀ ਸ਼ਕਤੀ ਛੋਟੀ ਉਪਾਧ ਹੈ। ਜੀਵ ਦੋਹਾਂ ਤੋਂ ਨਿਰਲੇਪ ਹੈ, ਅਖੰਡ ਹੈ ਅਤੇ ਸਤ-ਚਿਤ-ਆਨੰਦ ਹੈ।

ਇਸ ਦਾ ਹੋਰ ਦ੍ਰਿਸ਼ਟਾਂਤ ਵੀ ਸੁਣੋ—ਸੁਫਨੇ ਵਿਚ ਜੋ ਕਿਸੇ ਵਿਚ ਵਧ ਸ਼ਕਤੀ ਅਤੇ ਕਿਸੇ ਵਿਚ ਘਟ ਸ਼ਕਤੀ ਦੇਖੀ ਹੈ, ਉਹ ਸੁਫਨਾ ਦੇਖਣ ਵਾਲੇ ਨੇ ਆਪ ਹੀ ਕਲਪੀ ਹੈ। ਅਸਲ ਵਿਚ ਤਾਂ ਉਹ ਹੈ ਹੀ ਨਹੀਂ। ਸੁਫਨੇ ਵਿਚ ਜੇ ਕੋਈ ਆਪਣੇ ਆਪ ਨੂੰ ਰਾਜਾ ਕਲਪੇ ਅਤੇ ਆਪਣੇ ਵਿਚ ਬੜਾ ਬਲ ਵੇਖੇ, ਤਾਂ ਉਹ ਤਾਂ ਸੁਫਨੇ ਦਾ ਬਲ ਹੈ, ਅਸਲ ਵਿਚ ਤਾਂ ਸੁਫਨਾ ਵੇਖਣ ਵਾਲਾ ਬਲਵਾਨ ਨਹੀਂ ਹੋਇਆ ? ਅਰ ਜੇਕਰ ਸੁਫਨੇ ਵਿਚ ਕੋਈ ਆਪਣੇ ਆਪ ਨੂੰ ਕਮਜ਼ੋਰ ਦੇਖੇ ਤਾਂ ਉਸ ਦਾ ਅਸਲ ਕੀ ਘਟਿਆ ? ਉਹ ਕਮਜ਼ੋਰੀ ਤਾਂ ਉਸ ਦੀ ਆਪਣੀ ਹੀ ਕਲਪਤ ਕਮਜ਼ੋਰੀ ਸੀ। ਇਸ ਕਰਕੇ ਸਚਾਈ ਇਹ ਹੈ ਕਿ ਸੁਪਨੇ ਵਿਚ ਜੈਸੇ ਜੋ ਕੁਝ ਕੋਈ ਕਲਪਦਾ ਹੈ, ਉਸ ਨੂੰ ਉਹੋ ਹੀ ਭਾਸਦਾ ਹੈ। ਇਸੇ ਤਰ੍ਹਾਂ ਇਹ ਜਗਤ ਜੋ ਜਾਗ੍ਰਿਤ ਅਵਸਥਾ ਵਿਚ ਨਜ਼ਰ ਆਉਂਦਾ ਹੈ, ਉਹ ਵੀ ਹਰ ਇਕ ਜੀਵ ਦੀ ਆਪਣੀ ਕਲਪਨਾ ਹੀ ਉਸ ਨੂੰ ਦਿਖਾਈ ਦੇ ਰਹੀ ਹੈ।

ਸਵਾਲ—ਜੇਕਰ ਜੀਵ ਇਕ ਹੈ ਤਾਂ ਫਿਰ ਅਗਿਆਨੀ ਕੌਣ ਹੈ ਤੇ ਗਿਆਨੀ ਕੌਣ ਹੈ ?

ਜਵਾਬ—ਬਚਪਨ, ਜਵਾਨੀ ਅਤੇ ਬੁਢੇਪਾ, ਤਿੰਨੇ ਅਵਸਥਾਵਾਂ ਆਦਮੀ ਤੇ ਆਉਂਦੀਆਂ ਹਨ ਜਾਂ ਜਿਸ ਤਰ੍ਹਾਂ ਜਾਗਰਤ, ਸੁਫਨ ਅਤੇ ਸਖ਼ੋਪਤ (ਗੂੜ੍ਹੀ ਨੀਂਦਰ) ਤਿੰਨੇ ਅਵਸਥਾ ਆਦਮੀ ਤੇ ਆਉਂਦੀਆਂ ਹਨ, ਇਸੇ ਤਰ੍ਹਾਂ ਅਗਿਆਨ ਅਤੇ ਗਿਆਨ ਦੋਵੇਂ ਅਵਸਥਾ ਆਦਮੀ ਤੇ ਆਉਂਦੀਆਂ ਹਨ।

ਸਵਾਲ—ਅਗਿਆਨ ਇਕ ਹੈ ਕਿ ਅਨੇਕ ਪ੍ਰਕਾਰ ਦਾ ਹੈ ? ਜਿਸ ਤਰ੍ਹਾਂ ਅਨੇਕ ਪ੍ਰਕਾਰ ਦੇ ਦੁਖ ਹੁੰਦੇ ਹੈ। ਜਾਂ ਜਿਸ ਤਰ੍ਹਾਂ ਆਸ਼ਾ ਬਹੁਤ ਹਨ, ਕਿਸੇ ਨੂੰ ਕਿਸੀ ਚੀਜ਼ ਦੀ ਆਸ਼ਾ ਹੈ ਤੇ ਕਿਸੇ ਨੂੰ ਕਿਸੇ ਚੀਜ਼ ਦੀ ਆਸ਼ਾ ਹੈ। ਇਸੇ ਤਰ੍ਹਾਂ ਗਿਆਨ ਵੀ ਕਿਸੇ ਨੂੰ ਕਿਸੇ ਚੀਜ਼ ਦਾ ਹੁੰਦਾ ਹੈ ਅਤੇ ਕਿਸੇ ਨੂੰ ਕਿਸੇ ਚੀਜ਼ ਦਾ । ਪਰ ਇਹ ਦਸੋ ਕਿ ਅਗਿਆਨ ਇਕੋ ਪ੍ਰਕਾਰ ਦਾ ਹੈ ਕਿ ਅਨੇਕ ਪ੍ਰਕਾਰ ਦਾ ?

ਜਵਾਬ—ਅਗਿਆਨ, ਇਕ ਹੀ ਪ੍ਰਕਾਰ ਦਾ ਹੈ, ਆਸ਼ਾ ਵੀ ਇਕ ਹੀ ਪ੍ਰਕਾਰ ਦੀ ਹੈ ਅਤੇ ਗਿਆਨ ਵੀ ਇਕ ਹੀ ਪ੍ਰਕਾਰ ਦਾ ਹੈ।

ਆਪਣੇ ਸਰੂਪ ਨੂੰ ਨਾ ਜਾਨਣਾ ਹੀ ਅਗਿਆਨ ਹੈ, ਆਪਣੇ ਸਰੂਪ ਦੀ ਆਸ ਹੀ ਅਸਲ ਆਸ਼ਾ ਹੈ ਅਤੇ ਆਪਣੇ ਸਰੂਪ ਦਾ ਜਾਨਣਾ ਹੀ ਅਸਲ ਗਿਆਨ ਹੈ। ਜਦ ਰਾਤ ਪੈਂਦੀ ਹੈ ਤਾਂ ਹਨੇਰੇ ਵਿਚ ਸਭ ਚੀਜ਼ਾਂ ਨਜ਼ਰ ਨਹੀਂ ਆਉਂਦੀਆਂ। ਉਸ ਅਵਸਥਾ ਵਿਚ ਦਿਨ ਚੜ੍ਹਨ ਦੀ ਆਸ ਹੁੰਦੀ ਹੈ, ਅਤੇ ਜਦ ਦਿਨ ਚੜ੍ਹ ਜਾਵੇ ਤਾਂ ਸਭ ਚੀਜ਼ਾਂ ਆਪਣੇ ਆਪ ਨਜ਼ਰ ਆਉਣ ਲਗ ਜਾਂਦੀਆਂ ਹਨ। ਇਸੇ ਤਰ੍ਹਾਂ ਅਗਿਆਨ ਦੀ ਦਸ਼ਾ ਵਿਚ ਜਗਤ ਦੀ ਜੋ ਇਕ ਅਸਲੀਅਤ ਹੈ, ਉਹ ਨਜ਼ਰ ਨਹੀਂ ਆਉਂਦੀ, ਅਤੇ ਸਭ ਕੁਝ ਭਿੰਨ-ਭਿੰਨ ਅਤੇ ਭਾਂਤ-ਭਾਂਤ ਨਜ਼ਰ ਆਉਂਦਾ ਹੈ। ਇਸ ਅਵਸਥਾ ਵਿਚ ਸੱਚ ਦੇ ਜਾਨਣ ਦੀ ਆਸ ਕਰੀਦੀ ਹੈ, ਅਤੇ ਜਦ ਸੱਚ ਨੂੰ ਜਾਣ ਜਾਈਏ ਤਾਂ ਸਭ ਵਿਚ ਇਕੋ ਜੀਵ ਨਜ਼ਰ ਆਉਂਦਾ ਹੈ। ਇਹ ਹੀ ਅਸਲ ਗਿਆਨ ਹੈ। ਇਸ ਲਈ ਅਗਿਆਨ ਅਤੇ ਗਿਆਨ ਜੀਵ ਉਤੇ ਦੋ ਅਵਸਥਾਵਾਂ ਆਉਂਦੀਆਂ ਹਨ। ਅਸਲ ਵਿਚ ਜੀਵ ਇਹਨਾਂ ਦੋਹਾਂ ਅਵਸਥਾਵਾਂ ਤੋਂ ਅਤੀਤ ਜਾਂ ਰਹਿਤ ਹੈ।

ਸਵਾਲ—ਪੰਜ ਤੱਤ ਹਨ ਜਿਨ੍ਹਾਂ ਦਾ ਸਰੀਰ ਹੈ, ਅਤੇ ਛੇਵਾਂ ਜੀਵ ਹੈ ਤਾਂ ਫਿਰ ਜੀਵ ਹੀ ਜੀਵ ਕਿਸ ਤਰ੍ਹਾਂ ਹੋਇਆ ? ਪੰਜ ਤੱਤ ਕੀ ਚੀਜ਼ ਹਨ ?

ਜਵਾਬ—ਸੁਪਨੇ ਵਿਚ ਜੋ ਆਪਣਾ ਸਰੀਰ ਕਲਪ ਕਰ ਕੇ ਦੇਖੀਦਾ ਹੈ ਸੋ ਕਿਹੜੇ ਪੰਜ ਤੱਤਾਂ ਦਾ ਬਣਿਆ ਹੁੰਦਾ ਹੈ ? ਪੰਜ ਤੱਤ – ਪ੍ਰਿਥਵੀ, ਜਲ, ਵਾਯੂ, ਅਗਨ ਅਰ ਆਕਾਸ਼ ਹਨ। ਇਹ ਸਭ ਸਾਡੇ ਅਪਣੇ ਹੀ ਕਲਪੇ ਹੋਏ ਹਨ। ਭਰਾ, ਮਿਤਰ, ਦੁਸ਼ਮਣ, ਗੁਰੂ , ਸਿਖ, ਸਭ ਆਪਣੇ ਵਿਚ ਹੀ ਪਏ ਸਮਝਦੇ ਹਾਂ। ਸੁਪਨੇ ਵਿਚ ਹੀ ਗੁਰੂ ਉਪਦੇਸ਼ ਪਿਆ ਕਰਦਾ ਹੈ ਅਤੇ ਸਿਖ ਪਿਆ ਸੁਣਦਾ ਹੈ। ਜਦ ਜਾਗੀਦਾ ਹੈ ਤਾਂ ਸਭ ਕਲਪਤ ਚੀਜ਼ਾਂ ਆਪਣੇ ਅੰਦਰ ਹੀ ਲੀਨ ਹੋ ਜਾਂਦੀਆਂ ਹਨ। ਇਹ ਸਭ ਜਗਤ ਰਚਨਾ ਸਾਡੇ ਅੰਦਰ ਹੀ ਹੈ, ਸਾਥੋਂ ਉਪਜ ਕੇ ਫਿਰ ਸਾਡੇ ਅੰਦਰ ਹੀ ਲੀਨ ਹੋ ਜਾਂਦੀ ਹੈ। ਜਿਸ ਤਰ੍ਹਾਂ ਸੁਪਨੇ ਦਾ ਸਭ ਕੁਝ ਤੇਰੇ ਅਗਿਆਨ ਤੋਂ ਪੈਦਾ ਹੁੰਦਾ ਹੈ, ਇਸੇ ਤਰ੍ਹਾਂ ਸੁਪਨੇ ਤੋਂ ਜਾਗ ਕੇ ਜੋ ਕੁਝ ਦਿਸਦਾ ਹੈ ਇਹ ਵੀ ਤੇਰੇ ਅਗਿਆਨ ਨੇ ਹੀ ਕਲਪਿਆ ਹੈ।

ਸਵਾਲ—ਇਹ ਜੋ ਵਿਆਸ, ਵਸ਼ਿਸ਼ਟ, ਸੁਖਦੇਵ, ਜਨਕ, ਰਾਮ, ਕ੍ਰਿਸ਼ਨ ਅਤੇ ਹੋਰ ਗਿਆਨੀ ਹੋਏ ਹਨ, ਜਿਨ੍ਹਾਂ ਨੂੰ ਮੁਕਤ ਆਖਦੇ ਹਾਂ, ਅਤੇ ਇਹ ਅਨੇਕ ਭੂਤ ਪ੍ਰਾਣੀ ਜਿਨ੍ਹਾਂ ਨੂੰ ਚੌਰਾਸੀ ਦੇ ਗੇੜ ਵਿਚ ਬਧੇ ਹੋਏ ਆਖਦੇ ਹਾਂ, ਇਹ ਸਭ ਇਕੋ ਜੀਵ ਕਿਸ ਤਰ੍ਹਾਂ ਹੋਏ ?

ਜਵਾਬ—ਇਹ ਜੋ ਤੂੰ ਉਪਰ ਵਿਆਸ, ਵਸ਼ਿਸ਼ਟ, ਰਾਮ, ਕ੍ਰਿਸ਼ਨ ਆਦਿ ਗਿਆਨੀ ਅਤੇ ਅਨੇਕ ਭੂਤ ਪ੍ਰਾਣੀ ਚੌਰਾਸੀ ਦੇ ਗੇੜ ਵਿਚ ਬਧੇ ਅਗਿਆਨੀ ਦਸੇ ਹਨ, ਇਸ ਸਭ ਤੇਰੇ ਅਗਿਆਨ ਦੀ ਪੈਦਾਇਸ਼ ਜਾਂ ਕਲਪਨਾ ਹੈ। ਇਸ ਦਾ ਦ੍ਰਿਸ਼ਟਾਂਤ ਇਹ ਹੈ—ਸੁਪਨੇ ਵਿਚ ਸਾਧ-ਚੋਰ, ਗਿਆਨੀ-ਅਗਿਆਨੀ, ਭਲੇ-ਬੁਰੇ, ਦੁਖੀ-ਸੁਖੀ, ਬਧੇ-ਮੁਕਤ, ਹਨ, ਜੋ ਅਗਿਆਨ ਹੋਣ ਕਰਕੇ ਕਲਪਦੇ ਹਨ। ਜਦ ਅਗਿਆਨ ਨੂੰ ਨਵਿਰਤ (ਦੂਰ) ਕਰ ਕੇ ਦੇਖੀਏ ਤਾਂ ਨਿਤ ਸੁਧ ਸਤ-ਚਿਤ-ਆਨੰਦ ਆਪਣੇ ਆਪ ਨੂੰ ਦੇਖਾਂਗੇ, ਜਿਸ ਤਰ੍ਹਾਂ ਸੁਪਨੇ ਵਿਚ ਪਰਪੰਚ ਕਲਪੀਦਾ ਹੈ ਪਰ ਸੁਫਨੇ ਤੋਂ ਜਾਗ ਕੇ ਕੇਵਲ ਆਪਣਾ ਆਪ ਹੀ ਰਹਿ ਜਾਂਦਾ ਹੈ, ਇਸੇ ਤਰ੍ਹਾਂ ਜੋ ਕੁਛ ਜਾਗ ਕੇ ਪਿਆ ਦਿਸਦਾ ਹੈ ਇਹ ਵੀ ਅਗਿਆਨ ਕਰਕੇ ਪਿਆ ਭਾਸਦਾ ਹੈ। ਵਾਸਤਵ ਵਿਚ ਸਿਵਾਏ ਸਾਡੇ ਆਪਣੇ ਆਪੇ ਦੇ ਹੋਰ ਕੁਝ ਨਹੀਂ।

ਸਵਾਲ—ਤੁਸੀਂ ਜੋ ਕਿਹਾ ਹੈ ਕਿ ਜੋ ਕੁਝ ਪਿਆ ਨਜ਼ਰ ਆਉਂਦਾ ਹੈ, ਸੋ ਸਭ ਕੁਝ ਮੇਰੇ ਅਗਿਆਨ ਦੀ ਕਲਪਨਾ ਹੈ, ਬੇਸਮਝੀ ਵਿਚ ਮੇਰਾ

ਆਪਣਾ ਹੀ ਕਲਪਿਆ ਹੋਇਆ ਹੈ, ਪਰ ਤੁਸੀਂ ਜੋ ਮੈਨੂੰ ਸਾਖਸ਼ਾਤ ਉਪਦੇਸ਼ ਦੇ ਰਹੇ ਹੋ, ਇਸ ਨੂੰ ਕੀ ਸਮਝਾਂ ?

ਜਵਾਬ—ਜੈਸੇ ਸੁਪਨੇ ਵਿਖੇ ਤੂੰ ਆਪਣਾ ਸਰੀਰ ਕਲਪਿਆ ਹੈ, ਇਸ ਦੇ ਮਾਤਾ-ਪਿਤਾ ਕੌਣ ਹਨ ? ਅਤੇ ਮਾਤਾ-ਪਿਤਾ ਵੀ ਤੇਰੀ ਕਲਪਨਾ ਹੈ। ਇਸੇ ਤਰ੍ਹਾਂ ਇਸਤਰੀ, ਪੁਤ੍ਰ, ਸੱਜਣ, ਮਿੱਤਰ, ਗੁਰੂ, ਸਿਖ ਵੀ ਸਭ ਆਪਣੀ ਕਲਪਨਾ ਹੀ ਹੁੰਦੀ ਹੈ, ਅਤੇ ਸੁਪਨੇ ਵਿਖੇ ਹੀ ਗੁਰੂ ਤੈਨੂੰ ਉਪਦੇਸ਼ ਦੇਂਦਾ ਹੈ। ਇਹ ਸਭ ਪਰਪੰਚ ਤੇਰੀ ਹੀ ਕਲਪਨਾ ਹੈ। ਜਦ ਤੂੰ ਆਪਣੇ ਅਗਿਆਨ ਨੂੰ ਨਵਿਰਤ ਕਰੇਂਗਾ ਤਦ ਤੇਰੇ ਹੀ ਵਿਖੇ ਤੇਰਾ ਸਭ ਭਰਮ ਲੀਨ ਹੋ ਜਾਵੇਗਾ। ਜਿਸ ਤਰ੍ਹਾਂ ਸੁਪਨੇ ਤੋਂ ਜਾਗੀਏ ਤਾਂ ਸੁਪਨਾ ਆਪਣੇ ਵਿਚ ਹੀ ਲੀਨ ਹੋ ਜਾਂਦਾ ਹੈ, ਇਸੇ ਤਰ੍ਹਾਂ ਅਗਿਆਨ ਦੇ ਨਵਿਰਤ ਹੋਇਆਂ ਭਰਮ ਰੂਪੀ ਸਭ ਪਰਪੰਚ ਤੇਰੇ ਹੀ ਅੰਦਰ ਲੀਨ ਹੋ ਜਾਵੇਗਾ।

ਸਵਾਲ—ਜੇਕਰ ਸਭਨਾਂ ਵਿਚ ਜੀਵ ਇਕ ਹੀ ਹੈ, ਤਾਂ ਫਿਰ ਸਭਨਾਂ ਵਿਚ ਸਮਝ ਇਕੋ ਜੇਹੀ ਹੋਣੀ ਚਾਹੀਏ ? ਪਰ ਸਮਝ ਵਖੋ ਵਖਰੀ ਹੈ। ਜੀਵ ਇਕ ਕਿਵੇਂ ਹੋਇਆ ?

ਜਵਾਬ—ਜਿਸ ਤਰ੍ਹਾਂ ਤੇਰੀ ਦੇਹੀ ਵਿਚ ਸ਼ੁਭ ਅਤੇ ਅਸ਼ੁਭ ਸੰਕਲਪ ਉਠਦੇ ਹਨ, ਪਰ ਤੂੰ ਦੇਹੀ ਵਿਚ ਇਕੋ ਹੀ ਹੈਂ, ਇਸੇ ਤਰ੍ਹਾਂ ਜਿਸ ਦੇਹੀ ਵਿਚ ਸ਼ੁਭ ਸੰਕਲਪ ਉਪਜਦੇ ਹਨ, ਉਸ ਦੇਹੀ ਵਿਚ ਸ਼ੁਭ ਸਮਝ ਪ੍ਰਗਟ ਹੁੰਦੀ ਹੈ, ਅਤੇ ਜਿਸ ਦੇਹੀ ਵਿਚ ਅਸ਼ੁਭ ਸੰਕਲਪ ਉਠਣ, ਉਸ ਦੇਹੀ ਵਿਚ ਅਸ਼ੁਭ ਸਮਝ ਉਪਜਦੀ ਹੈ। ਜੀਵ ਸਭ ਘਟ ਵਿਚ ਇਕੋ ਹੀ ਹੈ। ਜੈਸੇ ਸੁਪਨੇ ਵਿਖੇ ਇਕ ਸੂਝਵਾਨ ਨਜ਼ਰ ਆਉਂਦਾ ਹੈ ਅਤੇ ਦੂਸਰਾ ਬੇ-ਸਮਝ ਦਿਸਦਾ ਹੈ, ਪਰ ਇਹ ਸਭ ਕੁਝ ਤੇਰੇ ਅਗਿਆਨ ਨੇ ਕਲਪਿਆ ਹੈ, ਵਾਸਤਵ ਵਿਚ ਹੈ ਕੁਝ ਵੀ ਨਹੀਂ। ਸਮਝ-ਅਸਮਝ ਤ੍ਰਿਕੁਟੀ ਵਿਖੇ ਹੈ ਅਤੇ ਤ੍ਰਿਕੁਟੀ (ਫੁਰਨਾ) ਅਫੁਰ ਵਿਚ ਲੀਨ ਹੋ ਜਾਂਦਾ ਹੈ, ਤਾਂ ਫਿਰ ਸਮਝ-ਅਸਮਝ ਵੀ ਅਫੁਰ ਵਿਚ ਲੀਨ ਹੋ ਜਾਂਦੀ ਹੈ। ਸਮਝ-ਅਸਮਝ ਇਸ ਜੀਵ ਦੀ ਰੀਝ ਹੈ। ਇਸ ਰੀਝ ਕਰਕੇ ਖੇਲ ਖੇਲਦਾ ਹੈ। ਜਦ ਜੀਵ ਨੂੰ ਇਕ ਤੋਂ ਬਹੁਤ ਹੋਣ ਦਾ ਫੁਰਨਾ ਫੁਰਦਾ ਹੈ ਤਦ ਨਾਨਾ ਪ੍ਰਕਾਰ ਦੇ ਰੂਪ ਹੋ ਕੇ ਦਿਸਦੇ ਹਨ। ਤਦ ਵਿਦਿਆ ਦੇ ਭੇਦ ਕਰ ਕੇ ਨਾਨਾ ਪ੍ਰਕਾਰ ਦੀ ਸ਼ਕਤੀ ਨਜ਼ਰ ਆਉਂਦੀ ਹੈ। ਜੀਵ ਦੀ ਸਮਝ-ਅਸਮਝ ਦੇ ਭੇਦ ਕਰਕੇ ਹੀ ਜਗਤ ਪਰਪੰਚ ਸਿਧ ਜਾਂ ਸਾਬਤ ਹੁੰਦਾ ਹੈ। ਇਸ ਜੀਵ ਦੀ

ਰੀਝ ਹੈ, ਇਸ ਰੀਝ ਕਰਕੇ ਖੇਲ ਖੇਲਦਾ ਹੈ। ਜੀਵ ਆਪਣੇ ਫੁਰਨੇ ਦਾ
ਸੁਪਨਾ ਰਚਦਾ ਹੈ ਅਤੇ ਪਰਪੰਚ ਦੇ ਭੇਦ ਨੂੰ ਧਾਰ ਕੇ ਲੀਲਾ ਕਰਦਾ
ਹੈ। ਜੀਵ ਦਾ ਫੁਰਨਾ ਜਦ ਅਫੁਰ ਵਿਚ ਲੀਨ ਹੋ ਜਾਂਦਾ ਹੈ ਤਦ ਜੀਵ
ਅਦੁਤੀ ਦਾ ਅਦੁੱਤੀ ਰਹਿ ਜਾਂਦਾ ਹੈ।

ਸਵਾਲ—ਜੀਵ ਇਕ ਹੈ ਅਤੇ ਅਵਕਤ ਹੈ ਅਤੇ ਨਿਰਗੁਣ ਹੈ, ਗੁਣ
ਤੋਂ ਅਤੀਤ ਹੈ। ਪਰ ਇਹ ਪਰਪੰਚ ਪੰਜਾਂ ਤੱਤਾਂ ਦਾ ਬਣਿਆ ਹੈ। ਜੀਵ
ਅਵਕਤ ਹੈ ਅਰ ਜਗਤ ਪਰਪੰਚ ਸਵਕਤ ਹੈ ਅਰ ਪੰਜਾਂ ਤੱਤਾਂ ਵਿਚ
ਗੁਣ ਹੈ। ਇਸ ਜੀਵ ਤੋਂ ਇਹ ਸਭ ਤੱਤ ਆਦਿ ਕਿਸ ਤਰ੍ਹਾਂ ਪੈਦਾ ਹੋ
ਗਏ ?

ਜਵਾਬ—ਜਿਸ ਤਰ੍ਹਾਂ ਜ਼ਮੀਨ ਉਤੇ ਮੀਂਹ ਵਸਦਾ ਹੈ, ਤੇ ਜ਼ਮੀਨ ਤੋਂ
ਅਨੇਕ ਬੂਟੀਆਂ ਪੈਦਾ ਹੁੰਦੀਆਂ ਹਨ। ਇਹਨਾਂ ਬੂਟੀਆਂ ਵਿਚੋਂ ਕਈ
ਅੰਮ੍ਰਿਤ ਰੂਪ ਹੁੰਦੀਆਂ ਹਨ ਅਤੇ ਕਈ ਬਿਖ ਰੂਪ ਹੁੰਦੀਆਂ ਹਨ। ਕਿਸੇ
ਦੇ ਖਾਣ ਨਾਲ ਭੁਖ ਬਹੁਤ ਲਗਦੀ ਹੈ, ਕਿਸੇ ਦੇ ਖਾਣ ਨਾਲ ਭੁਖ ਬਹੁਤ
ਘਟ ਲਗਦੀ ਹੈ। ਕਿਸੇ ਬੂਟੀ ਨੂੰ ਤਾਂਬੇ ਤੇ ਪਾਇਆਂ ਸੋਨਾ ਹੋ ਜਾਂਦਾ
ਹੈ, ਪਰ ਕੋਈ ਘਾਸ-ਫੂਸ ਆਦਿ ਹੀ ਹੁੰਦੀ ਹੈ। ਅਨੇਕ ਬੂਟੀਆਂ ਦੇ ਅਨੇਕ
ਗੁਣ ਹੁੰਦੇ ਹਨ। ਸਭ ਇਕ ਜ਼ਮੀਨ ਤੋਂ ਹੀ ਉਪਜਦੀਆਂ ਅਤੇ ਫਿਰ
ਜ਼ਮੀਨ ਵਿਚ ਹੀ ਲੀਨ ਹੋ ਜਾਂਦੀਆਂ ਹਨ। ਪਰ ਜ਼ਮੀਨ ਬੂਟੀਆਂ ਤੋਂ
ਅਤੀਤ ਤੇ ਨਿਆਰੀ ਹੈ। ਇਸੇ ਤਰ੍ਹਾਂ ਹੀ ਜੀਵ ਹੈ।

ਜੀਵ ਤੋਂ ਫੁਰਨਾ ਪ੍ਰਗਟ ਹੁੰਦਾ ਹੈ। ਫੁਰਨੇ ਤੋਂ ਪੰਜੇ ਤੱਤ ਪ੍ਰਗਟ
ਹੁੰਦੇ ਹਨ। ਜੋ ਤੇਰੇ ਫੁਰਨੇ ਕਰਕੇ ਪ੍ਰਤੀਤ ਹੁੰਦਾ ਹੈ, ਉਹ ਤੇਰੇ ਫੁਰਨੇ
ਨੇ ਹੀ ਕਲਪਿਆ ਹੈ। ਜਦ ਫੁਰਨਾ ਅਫੁਰ ਵਿਖੇ ਲੀਨ ਹੋ ਜਾਂਦਾ ਹੈ,
ਤਦ ਪੰਜੇ ਤੱਤ ਅਤੇ ਉਨ੍ਹਾਂ ਦੇ ਗੁਣ ਵੀ ਲੀਨ ਹੋ ਜਾਂਦੇ ਹਨ।

ਜਦ ਜੀਵ ਆਪ ਅਫੁਰ ਵਿਖੇ ਲੀਨ ਹੁੰਦਾ ਹੈ, ਤਾਂ ਉਸ ਅਫੁਰ
ਵਿਚ ਨਾ ਇਕ ਹੈ, ਨਾ ਦੋ ਹੈ, ਨਾ ਅਨੇਕ ਹੈ।

ਇਸ ਦਾ ਹੋਰ ਦ੍ਰਿਸ਼ਟਾਂਤ ਸੁਣੋ—ਸੁਪਨੇ ਵਿਚ ਪੰਜੇ ਤੱਤ ਵੀ ਕਲਪਦੇ
ਹਨ ਅਤੇ ਉਹਨਾਂ ਦੇ ਗੁਣ ਵੀ ਕਲਪਦੇ ਹਨ। ਸੁਫਨੇ ਵਿਚ ਅੱਗ
ਸਾੜਦੀ ਹੈ, ਪਾਣੀ ਡੋਬਦਾ ਹੈ ਅਤੇ ਜ਼ਮੀਨ ਹੇਠਾਂ ਕਿਸੇ ਚੀਜ਼ ਨੂੰ ਦਬਾ
ਸਕਦੇ ਹਾਂ, ਸ਼ਸਤ੍ਰ ਨਾਲ ਕਟ ਸਕਦੇ ਹਾਂ। ਸੁਫਨੇ ਦਾ ਸਰੀਰ ਸੁਫਨੇ ਦੀ
ਅੱਗ ਨਾਲ ਸੜਦਾ ਹੈ। ਸੁਫਨੇ ਦਾ ਸਰੀਰ ਸੁਫਨੇ ਦੇ ਪਾਣੀ ਵਿਚ ਡੁਬਦਾ

ਹੈ ਅਤੇ ਸੁਫਨੇ ਦੀ ਭੁਖ ਸੁਫਨੇ ਦੇ ਆਉਣ ਨਾਲ ਬੁਝਦੀ ਹੈ। ਸੁਫਨੇ ਦਾ ਰੋਗ ਸੁਪਨੇ ਦੀ ਦਵਾਈ ਨਾਲ ਦੂਰ ਹੁੰਦਾ ਹੈ। ਇਹ ਸਭ ਕੁਝ ਜੀਵ ਦੇ ਆਪਣੇ ਫੁਰਨੇ ਤੋਂ ਹੀ ਹੁੰਦਾ ਹੈ। ਜੀਵ ਨੇ ਐਸਾ ਨਿਸਚੇ ਕਰ ਮੰਨਿਆ ਭਾਸਦਾ ਹੈ। ਇਹ ਜੀਵ ਦੀ ਸੱਤਤਾ ਕਰਕੇ ਸੱਤ ਹੈ। ਪਰ ਜਦ ਜੀਵ ਦਾ ਫੁਰਨਾ ਅਫੁਰ ਵਿਚ ਲੀਨ ਹੁੰਦਾ ਹੈ ਜਾਂ ਜਦ ਜੀਵ ਦਾ ਮਨ ਅਫੁਰ ਅਵਸਥਾ ਵਿਚ ਚਲਾ ਜਾਂਦਾ ਹੈ ਤਦ ਨਾ ਕੋਈ ਤੱਤ ਹੈ ਅਤੇ ਨਾ ਕੋਈ ਸੁਭਾਵ ਹੈ, ਨਾ ਕੋਈ ਗੁਣ ਹੈ। ਜੀਵ ਜੋ ਕੁਝ ਦੇਖਦਾ ਹੈ ਉਹੀ ਉਸ ਦਾ ਫੁਰਨਾ ਹੈ।

ਜਦ ਤੇਰਾ ਫੁਰਨਾ ਤੇਰੇ ਵਿਚ ਹੀ ਲੀਨ ਹੋ ਜਾਵੇਗਾ ਤਦ ਤੂੰ ਅਤੀਤ ਅਫੁਰ ਅਵਸਥਾ ਨੂੰ ਪ੍ਰਾਪਤ ਕਰੇਂਗਾ। ਜਦ ਤੂੰ ਆਪਣੇ ਅਗਿਆਨ ਨੂੰ ਨਵਿਰਤ ਕਰੇਂਗਾ ਤਦ ਤੇਰੇ ਹੀ ਵਿਚ ਤੇਰਾ ਭਰਮ ਲੀਨ ਹੋ ਜਾਵੇਗਾ। ਜਿਸ ਤਰ੍ਹਾਂ ਸੁਫਨੇ ਤੋਂ ਜਾਗ ਕੇ ਸੁਫਨੇ ਦਾ ਭਰਮ (ਅਹਿਸਾਸ) ਸੁਫਨੇ ਵਿਚ ਹੀ ਲੀਨ ਹੋ ਜਾਂਦਾ ਹੈ ਅਤੇ ਸੁਫਨਾ ਦੇਖਣ ਵਾਲਾ ਅਦੁਤੀ ਦਾ ਅਦੁਤੀ ਹੁੰਦਾ ਹੈ। ਇਸੇ ਤਰ੍ਹਾਂ ਤੇਰਾ ਫੁਰਨਾ ਤੇਰੇ ਅਫੁਰ ਵਿਚ ਲੀਨ ਹੋ ਜਾਵੇਗਾ, ਜਦ ਤੂੰ ਬਚਨ ਅਤੀਤ ਪਦ ਨੂੰ ਪ੍ਰਾਪਤ ਕਰੇਂਗਾ।

ਜੋ ਸਵਾਲ ਤੂੰ ਪੁਛੇ ਹਨ ਅਤੇ ਜੋ ਜਵਾਬ ਤੈਨੂੰ ਦਿਤੇ ਗਏ ਹਨ, ਇਹ ਸਭ ਤੇਰੇ ਮਨ ਦੀ ਕਲਪਨਾ ਸੀ। ਜਿਸ ਤਰ੍ਹਾਂ ਹਨੇਰਾ ਮਿਟ ਜਾਵੇ ਅਤੇ ਸੂਰਜ ਚੜ੍ਹ ਆਵੇ, ਉਸੇ ਤਰ੍ਹਾਂ ਮਨ ਦੇ ਸ਼ੰਕੇ ਨਵਿਰਤ ਹੋਣ ਉਤੇ ਗਿਆਨ ਦਾ ਸੂਰਜ ਚਮਕਦਾ ਹੈ।

ਤਦ ਸਵਾਲ ਪੁਛਣ ਵਾਲੇ ਨੇ ਹੱਥ ਜੋੜ ਕੇ ਜਵਾਬ ਦੇਣ ਵਾਲੇ ਨੂੰ ਨਮਸਕਾਰ ਕੀਤੀ ਅਤੇ ਆਖਿਆ--"ਮੇਰਾ ਹੁਣ ਕੋਈ ਸ਼ੱਕ, ਭਰਮ, ਸੰਸਾ ਨਹੀਂ ਰਿਹਾ। ਮੈਂ ਹੁਣ ਸਮਝ ਗਿਆ ਹਾਂ ਕਿ ਮੈਂ ਇਕ ਹੀ ਜੀਵ ਹਾਂ। ਮੇਰੇ ਸਭ ਭਰਮ ਮੇਰੇ ਵਿਚੋਂ ਹੀ ਨਿਕਲ ਕੇ ਮੇਰੇ ਵਿਚ ਹੀ ਲੀਨ ਹੋ ਜਾਂਦੇ ਹਨ। ਇਹ ਸਭ ਜਗਤ ਰਚਨਾ ਮੇਰੇ ਹੀ ਫੁਰਨੇ ਕਰਕੇ ਉਪਜਦੀ ਹੈ, ਮੇਰੇ ਹੀ ਆਧਾਰ ਉਤੇ ਕਾਇਮ ਰਹਿੰਦੀ ਹੈ ਅਤੇ ਅੰਤ ਮੇਰੇ ਵਿਚ ਹੀ ਲੀਨ ਹੋ ਜਾਂਦੀ ਹੈ, ਪਰ ਮੇਰੇ ਬਿਨਾਂ ਕੁਝ ਵੀ ਨਹੀਂ। ਮੈਂ ਇਸ ਤੋਂ ਅਤੀਤ ਤੇ ਨਿਆਰਾ ਹਾਂ। ਬਚਪਨ, ਜਵਾਨੀ, ਬੁਢਾਪਾ ਮੇਰੇ ਵਿਚੋਂ ਹੀ ਉਪਜਦੇ ਹਨ ਅਤੇ ਮੇਰੇ ਵਿਚ ਲੀਨ ਹੋ ਜਾਂਦੇ ਹਨ ਅਤੇ ਜਾਗਣ ਦੀ, ਸੁਫਨੇ ਦੀ ਅਤੇ ਘੂਕ ਨੀਂਦਰ ਦੀ ਅਵਸਥਾ ਮੇਰੇ ਵਿਚੋਂ ਹੀ ਉਪਜ ਕੇ,

ਮੇਰੇ ਹੀ ਆਸਰੇ ਕਾਇਮ ਰਹਿ ਕੇ ਮੇਰੇ ਵਿਚ ਹੀ ਲੀਨ ਹੋ ਜਾਂਦੀ ਹੈ। ਮੈਂ ਇਹਨਾਂ ਤੋਂ ਅਤੀਤ ਤੇ ਵਖਰਾ ਹਾਂ। ਜਿਸ ਤਰ੍ਹਾਂ ਜ਼ਮੀਨ ਵਿਚੋਂ ਅਨੇਕ ਬੂਟੀਆਂ ਪੈਦਾ ਹੁੰਦੀਆਂ ਹਨ, ਜ਼ਮੀਨ ਦੇ ਆਸਰੇ ਹੀ ਕਾਇਮ ਰਹਿੰਦੀਆਂ ਹਨ ਅਤੇ ਅਖੀਰ ਜ਼ਮੀਨ ਵਿਚ ਹੀ ਲੀਨ ਹੋ ਜਾਂਦੀਆਂ ਹਨ, ਪਰ ਜ਼ਮੀਨ ਤੋਂ ਬਗੈਰ ਬੂਟੀਆਂ ਨਹੀਂ ਹੋ ਸਕਦੀਆਂ, ਐਪਰ ਬੂਟੀਆਂ ਤੋਂ ਬਗੈਰ ਜ਼ਮੀਨ ਹੈ, ਇਸੇ ਤਰ੍ਹਾਂ ਇਹ ਸੰਸਾਰ ਮੇਰੇ ਤੋਂ ਹੀ ਉਪਜਦਾ ਹੈ, ਮੇਰੇ ਹੀ ਆਸਰੇ ਤੇ ਹੈ ਅਤੇ ਮੇਰੇ ਵਿਚੋਂ ਹੀ ਉਪਜ-ਉਪਜ ਕੇ ਮੇਰੇ ਵਿਚ ਹੀ ਲੀਨ ਹੁੰਦਾ ਹੈ। ਪਰ ਮੇਰੇ ਬਿਨਾਂ ਸੰਸਾਰ ਨਹੀਂ ਤੇ ਮੈਂ ਸੰਸਾਰ ਤੋਂ ਅਤੀਤ ਤੇ ਨਿਆਰਾ ਹਾਂ। ਜੈਸੇ ਸੁਫਨਾ ਮੇਰੇ ਤੋਂ ਹੀ ਉਪਜਦਾ ਹੈ, ਮੇਰੇ ਹੀ ਆਧਾਰ ਤੇ ਕਾਇਮ ਰਹਿੰਦਾ ਹੈ ਅਤੇ ਮੇਰੇ ਵਿਚ ਹੀ ਲੀਨ ਹੋ ਜਾਂਦਾ ਹੈ, ਪਰ ਮੇਰੇ ਬਿਨਾਂ ਸੁਫਨਾ ਨਹੀਂ । ਮੈਂ ਸੁਫਨੇ ਤੋਂ ਅਤੀਤ ਤੇ ਨਿਆਰਾ ਹਾਂ, ਇਸੇ ਤਰ੍ਹਾਂ ਇਹ ਨਾਨਾ ਰੂਪ ਰੰਗ ਵਾਲਾ ਸੰਸਾਰ, ਇਸ ਦਾ ਗਿਆਨ ਅਤੇ ਅਗਿਆਨ, ਸਾਧ, ਚੋਰ, ਭਲਾ, ਬੁਰਾ, ਗੁਰੂ, ਸਿਖ ਸਭ ਮੇਰੇ ਤੋਂ ਹੀ ਉਪਜਦੇ, ਮੇਰੇ ਆਸਰੇ ਕਾਇਮ ਰਹਿ ਕੇ ਮੇਰੇ ਵਿਚ ਹੀ ਲੀਨ ਹੋ ਜਾਂਦੇ ਹਨ। ਮੇਰੇ ਤੋਂ ਬਿਨਾਂ ਇਹ ਨਹੀਂ, ਪਰ ਮੈਂ ਇਹਨਾਂ ਤੋਂ ਅਤੀਤ ਤੇ ਨਿਆਰਾ ਹਾਂ। ਮੈਂ ਆਪਣੀ ਅਸਲੀਅਤ ਵਿਚ ਨਿਤ, ਸੁਧੀ ਮੁਕਤ, ਅਦੁਤੀ ਪੂਰਨ ਜੀਵ ਹਾਂ ਜੋ ਸਭ ਦਾ ਜੀਵਨ ਹੈ। ਮੈਂ ਜੀਵ ਹਾਂ ਅਤੇ ਸਰਬ ਕਲਾ ਭਰਪੂਰ ਹਾਂ।

❑

ਜੀਉ ਏਕੁ
ਅਰੁ
ਸਗਲ ਸਰੀਰਾ ।

—ਕਬੀਰ ਜੀ

ਲੇਖਕ ਬਾਰੇ

ਪੰਜਾਬੀ ਦੇ ਪ੍ਰਸਿੱਧ ਵਿਚਾਰਕ ਤੇ ਲੇਖਕ ਸ: ਰਘਬੀਰ ਸਿੰਘ ਬੀਰ (1896-1974) ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ. ਏ. ਕਰਨ ਤੋਂ ਪਿੱਛੋਂ ਪਹਿਲੀ ਵਾਰ ਅਕਾਲੀ ਲਹਿਰ ਦੇ ਸਮੇਂ ਇਕ ਕ੍ਰਾਂਤੀਕਾਰੀ ਕਵੀ ਦੇ ਰੂਪ ਵਿਚ ਉਜਾਗਰ ਹੋਏ। ਉਨ੍ਹਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ "ਖਾਲਸਈ ਸ਼ਾਨ" (1934) ਹੁਣ ਵੀ ਉੱਨਾਂ ਹੀ ਪ੍ਰਭਾਵਸ਼ਾਲੀ ਤੇ ਜੋਸ਼ੀਲਾ ਹੈ। ਫਲਸਰੂਪ ਸਮੇਂ ਦੀ ਸਰਕਾਰ ਨੇ ਉਨ੍ਹਾਂ ਵਿਰੁਧ ਵਾਰੰਟ ਕੱਢੇ ਤੇ ਉਨ੍ਹਾਂ ਨੂੰ ਕੁਝ ਚਿਰ ਰੂਪੋਸ਼ ਰਹਿਣਾ ਪਿਆ।

ਬਾਅਦ ਵਿਚ ਉਨ੍ਹਾਂ ਦਾ ਝੁਕਾਉ ਸਮਾਜ ਸੇਵਾ ਵਲ ਹੋਇਆ ਤਾਂ ਨੇਤਾ ਜੀ ਸੁਭਾਸ਼ ਦੇ ਮਿੱਤਰ ਸ: ਨਿਰੰਜਨ ਸਿੰਘ ਤਾਲਿਬ ਦੇ ਨਾਲ ਰਲ ਕੇ ਕਲਕੱਤੇ ਤੋਂ ਦੈਨਿਕ ਅਖ਼ਬਾਰ "ਦੇਸ਼ ਦਰਪਣ" ਚਲਾਇਆ, ਜੋ ਅਜ ਪ੍ਰਕਾਸ਼ਨ ਦੇ 50ਵੇਂ ਸਾਲ ਵਿਚੋਂ ਲੰਘ ਰਿਹਾ ਹੈ।

ਪਰ ਉਨ੍ਹਾਂ ਦੀ ਸਭ ਤੋਂ ਅਮੁੱਲ ਦੇਣ ਗੁਰਬਾਣੀ ਦੀ ਵਿਆਖਿਆ ਤੇ ਸਿਮਰਨ ਦੀ ਵਿਧੀ ਹੈ, ਜੋ ਉਨ੍ਹਾਂ ਨੇ "ਬੰਦਗੀ ਨਾਮਾ" (1950) ਵਿਚ ਵਿਸਥਾਰ ਪੂਰਵਕ ਅੰਕਿਤ ਕੀਤੀ ਹੈ। ਸਿਮਰਨ ਦਾ ਦਾਨ ਉਨ੍ਹਾਂ ਨੂੰ ਬਚਪਨ ਵਿਚ ਹੀ ਆਪਣੇ ਪੂਜਯ ਦਾਦੀ ਤੋਂ ਪ੍ਰਾਪਤ ਹੋਇਆ ਸੀ, ਜਿਸ ਦਾ ਅਭਿਆਸ ਅੰਤ ਤੱਕ ਉਹ ਪ੍ਰਤਿ ਦਿਨ ਕਰਦੇ ਤੇ ਕਰਾਂਦੇ ਰਹੇ। ਅਨੁਭਵ ਪ੍ਰਕਾਸ਼ (ਪਹਿਲਾ ਪ੍ਰਕਾਸ਼ਨ 1952) ਉਨ੍ਹਾਂ ਅਨੁਭਵਾਂ ਦੇ ਅਧਿਐਨ ਦਾ ਸਿੱਟਾ ਹੈ। ਪੰਜਾਬੀ ਸਾਹਿਤ ਵਿਚ ਨਿਰੋਲ ਆਤਮਕ ਗਿਆਨ ਤੇ ਗੁਰਬਾਣੀ ਦੇ ਵਿਸ਼ਲੇਸ਼ਣ ਦਾ ਨਮੂਨਾ ਸ਼ਾਇਦ ਹੀ ਕੋਈ ਹੋਰ ਹੋਵੇ।